**This publication was withdrawn on 5 April 2022**

This page has been withdrawn because it's no longer current. Read more about infection prevention and control in adult social care: COVID-19 supplement.

Department of Health & Social Care

CARE

# ਕੋਵਿਡ-19: ਬਾਲਗ ਸੋਸ਼ਲ ਕੇਅਰ ਵਿੱਚ ਜੋਖਮ ਘਟਾਉਣ ਵਾਲਾ ਫਰੇਮਵਰਕ:

# ਆਪਣੇ ਕਾਰਜਬਲ ਦੇ ਜੋਖਮ ਦਾ ਮੁਲਾਂਕਣ ਕਰਨਾ ਅਤੇ ਘਟਾਉਣਾ

ਨਵੰਬਰ 2020 ਵਿੱਚ ਅੱਪਡੇਟ ਕੀਤਾ ਗਿਆ

# 1. ਭੂਮਿਕਾ

1.1 ਸਾਡੇ ਭਾਈਚਾਰਿਆਂ ਵਿਚ ਸਿਹਤ ਅਤੇ ਦੇਖਭਾਲ ਦੀਆਂ ਜ਼ਰੂਰਤਾਂ ਦਾ ਸਮਰਥਨ ਕਰਨ ਵਿਚ ਸੋਸ਼ਲ ਕੇਅਰ ਕਾਰਜਬਲ ਦਾ ਕੰਮ ਬਹੁਤ ਮਹੱਤਵਪੂਰਨ ਹੈ, ਅਤੇ ਅਸੀਂ ਉਨ੍ਹਾਂ ਦੇ ਕੰਮ ਲਈ ਬਹੁਤ ਜ਼ਿਆਦਾ ਧੰਨਵਾਦੀ ਹਾਂ ਜੋ ਉਹ ਹਾਲ ਵਿੱਚ ਚਲ ਰਹੀਆਂ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਕਰ ਰਹੇ ਹਨ।

1.2 ਉਹ ਲੋਕ ਜੋ ਸੋਸ਼ਲ ਕੇਅਰ ਦੀ ਸੈਟਿੰਗ ਵਿਚ ਕੰਮ ਕਰਦੇ ਹਨ, ਅਤੇ ਜਿਹੜੇ ਸੋਸ਼ਲ ਕੇਅਰ ਸੇਵਾਵਾਂ ਦੀ ਵਰਤੋਂ ਕਰਦੇ ਹਨ, ਉਨ੍ਹਾਂ ਨੂੰ ਸੁਰੱਖਿਅਤ ਅਤੇ ਠੀਕ-ਠਾਕ ਰੱਖਣਾ ਬਹੁਤ ਮਹੱਤਵਪੂਰਨ ਹੈ।

1.3 ਇਕ ਬਾਲਗ ਸੋਸ਼ਲ ਕੇਅਰ ਮਾਲਕ ਦੇ ਤੌਰ ਤੇ, ਤੁਹਾਡਾ ਦੇਖਭਾਲ ਵਾਸਤੇ ਇਹ ਫਰਜ਼ ਬਣਦਾ ਹੈ ਕਿ ਤੁਸੀਂ ਜਿੰਨਾ ਸੰਭਵ ਹੋ ਸਕੇ ਆਪਣੇ ਕਰਮਚਾਰੀਆਂ ਅਤੇ ਉਹ ਵਿਅਕਤੀ ਜਿਹੜੇ ਤੁਹਾਡੀਆਂ ਸੇਵਾਵਾਂ ਵਰਤਦੇ ਹਨ ਉਨ੍ਹਾਂ ਦੀ ਸਿਹਤ, ਸੁਰੱਖਿਆ ਅਤੇ ਭਲਾਈ ਨੂੰ ਮਹਿਫੂਜ਼ ਬਣਾ ਕੇ ਰੱਖੋ।

1.4 ਕਿਸੇ ਤਰ੍ਹਾਂ ਦੇ ਅਸਾਰ ਜਾਂ ਕਮਜ਼ੋਰੀਆਂ ਦੀ ਪਰਵਾਹ ਕੀਤੇ ਬਿਨਾਂ, ਤੁਹਾਡੀ ਦੇਖਭਾਲ ਵਿਚ ਹਰੇਕ ਵਾਸਤੇ ਜੋਖਮ ਦਾ ਜਾਇਜ਼ਾ ਅਤੇ ਉਸ ਨੂੰ ਘਟਾਉਣ ਵਾਸਤੇ ਇਕ ਪ੍ਰਕਿਰਿਆ ਸਥਾਪਤ ਹੋਣੀ ਚਾਹੀਦੀ ਹੈ। ਇਸ ਵਿਚ ਸ਼ਾਮਲ ਹੋਣਾ ਚਾਹੀਦਾ ਹੈ:

- ਉਨ੍ਹਾਂ ਲੋਕਾਂ ਲਈ ਜੋਖਮ ਜੋ ਤੁਹਾਡੀ ਸੇਵਾ ਵਰਤਦੇ ਹਨ, ਕਿਸੇ ਵੀ ਵਿਅਕਤੀਗਤ ਵਿਸ਼ੇਸ਼ਤਾਵਾਂ ਨੂੰ ਵਿਚਾਰਦੇ ਹੋਏ ਜੋ ਉਨ੍ਹਾਂ ਨੂੰ ਵਧੇਰੇ ਜੋਖਮ ਵਿਚ ਪਾ ਸਕਦੀਆਂ ਹਨ।

- ਆਪਣੇ ਕਾਰਜ ਸਥਾਨ ਵਿਚ ਜੋਖਮ, ਜਿਸ ਵਿਚ ਕੰਮ ਤੇ ਆਉਣ-ਜਾਣ ਅਤੇ ਕੰਮ ਵਾਲੀਆਂ ਥਾਵਾਂ ਵਿਚਕਾਰ ਯਾਤਰਾ ਸ਼ਾਮਲ ਹੋਣੀ ਚਾਹੀਦੀ ਹੈ।

- ਤੁਹਾਡੇ ਕਰਮਚਾਰੀਆਂ ਨੂੰ ਜੋਖਮ, ਵਲੰਟੀਅਰਾਂ ਸਮੇਤ, ਕਿਸੇ ਵੀ ਵਿਅਕਤੀਗਤ ਵਿਸ਼ੇਸ਼ਤਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਜੋ ਉਨ੍ਹਾਂ ਨੂੰ ਵਧੇਰੇ ਜੋਖਮ ਵਿਚ ਪਾ ਸਕਦੀਆਂ ਹਨ।

1.5 ਪਬਲਿਕ ਹੈਲਥ ਇੰਗਲੈਂਡ ਨੇ ਛੂਤ ਦੀ ਬਿਮਾਰੀ ਦੇ ਜੋਖਮ ਨੂੰ ਘਟਾਉਣ ਲਈ ਸਥਾਪਨ ਕੀਤੇ ਜਾਣ ਵਾਲੇ ਪੈਮਾਨੇ ਬਾਰੇ ਗਾਈਡੈਂਸ ਜਾਰੀ ਕੀਤੀ ਹੈ, ਜਿਹੜੀ ਕਿ ਨਿਯਮਿਤ ਰੂਪ ਵਿੱਚ ਅਪਡੇਟ ਕੀਤੀ ਜਾਂਦੀ ਹੈ। ਮਾਲਕਾਂ ਨੂੰ ਹਮੇਸ਼ਾਂ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਨਵੀਨਤਮ PHE ਸਿਫਾਰਸ਼ਾਂ ਦੀ ਪਾਲਣਾ ਕਰਦੇ ਹਨ।

1.6 ਹਾਲਾਂਕਿ ਸਾਰੇ ਕਰਮਚਾਰੀਆਂ ਵਾਸਤੇ ਕਾਰਜ ਸਥਾਨ ਵਿੱਚ ਜੋਖਮ ਘਟਾਉਣੇ ਚਾਹੀਦੇ ਹਨ, ਵਧੇ ਹੋਏ ਜੋਖਮ ਵਾਲੇ ਕਰਮਚਾਰੀਆਂ ਵਾਸਤੇ ਇਹ ਹੋਰ ਜਿਆਦਾ ਘਟਾਉਣ ਵਾਲੇ ਮਾਪਦੰਡ ਵਿਚਾਰੇ ਜਾਣੇ ਚਾਹੀਦੇ ਹਨ ਕਿਉਂਕਿ ਉਨ੍ਹਾਂ ਦੀ ਪਛਾਣ ਕੁਝ ਵਿਸ਼ੇਸ਼ਤਾਵਾਂ/ਸਿਹਤ ਸਮੱਸਿਆਵਾਂ ਅਤੇ/ਜਾਂ ਗਰਭਵਤੀ ਹੋਣ ਵੱਜੋਂ ਕੀਤੀ ਗਈ ਹੈ। ਇਸ ਵਿੱਚ ਤੁਹਾਡੇ ਉਹ ਸਾਰੇ ਕਰਮਚਾਰੀ ਸ਼ਾਮਲ ਹਨ ਜਿਹੜੇ ਦੋਵੇਂ ਸਿੱਧੇ ਅਤੇ ਅਸਿੱਧੇ ਦੇਖਭਾਲ ਅਤੇ ਸਹਾਇਤਾ ਭੂਮਿਕਾਵਾਂ ਵਿੱਚ ਸ਼ਾਮਲ ਹਨ, ਇਸ ਵਿੱਚ ਸਥਾਈ ਕਰਮਚਾਰੀ, ਏਜੰਸੀ, ਲੋਕਮ ਅਤੇ ਬੈਂਕ ਸਟਾਫ ਅਤੇ ਅਵੇਤਨਕ ਵਲੰਟੀਅਰ ਵੀ ਸ਼ਾਮਲ ਹਨ। ਜਿਨ੍ਹਾਂ ਨੂੰ ਸਭ ਤੋਂ ਵੱਧ ਕਲੀਨਿਕਲ ਜੋਖਮ ਹੈ ਉਨ੍ਹਾਂ ਨੂੰ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਲਈ ਵਰਤਮਾਨ ਸਲਾਹ ਦੀ ਪਾਲਣਾ ਕਰਨਾ ਜਾਰੀ ਰੱਖਣ ਵਿੱਚ ਸਹਾਇਤਾ ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ। ASC ਦਾ ਜੋਖਮ ਘਟਾਉ ਫਰੇਮਵਰਕ ਖਾਸ ਤੌਰ ਤੇ ਇਨ੍ਹਾਂ ਗੱਲਾਂ ਤੇ ਕੇਂਦ੍ਰਤ ਹੈ ਕਿ ਮਾਲਕ ਆਪਣੇ ਕਾਮਿਆਂ ਦੀ ਸਹਾਇਤਾ ਉਨ੍ਹਾਂ ਕਾਰਕਾਂ ਨਾਲ ਕਿਵੇਂ ਕਰ ਸਕਦੇ ਹਨ ਜਿਨ੍ਹਾਂ ਨੂੰ ਕੋਵਿਡ-19 ਦੀ ਲਾਗ ਲੱਗਣ ਜਾਂ ਜਿਹੜੇ ਉਸ ਦੇ ਮਾੜੇ ਨਤੀਜਿਆਂ ਪ੍ਰਤੀ ਕਮਜ਼ੋਰ ਹਨ ਤਾਂ ਜੋ ਕਾਰਜ ਸਥਾਨ ਵਿੱਚ ਉਨ੍ਹਾਂ ਦੇ ਜੋਖਮਾਂ ਬਾਰੇ ਫੈਸਲੇ ਬਣਾਏ ਜਾ ਸਕਣ।

## ਸਬੂਤ

1.7 ਕਲੀਨਿਕਲ ਸਬੂਤਾਂ ਤੋਂ ਇਹ ਪਤਾ ਲਗਦਾ ਹੈ ਕਿ ਕੁਝ ਲੋਕਾਂ ਵਿੱਚ ਉਹ ਕਾਰਕ ਹੋ ਸਕਦੇ ਹਨ ਜੋ ਸੰਭਾਵੀ ਤੌਰ ਤੇ ਲਾਗ ਜਾਂ ਕੋਵਿਡ-19 ਤੋਂ ਭੈੜੇ ਨਤੀਜਿਆਂ ਵਿੱਚ ਵਾਧਾ ਕਰ ਸਕਦੇ ਹਨ। ਜਿਵੇਂ-ਜਿਵੇਂ ਨਵੇਂ ਸਬੂਤ ਸਾਹਮਣੇ ਆਉਣਗੇ, ਇਹ ਨਿਰਦੇਸ਼ ਅਪਡੇਟ ਕੀਤੇ ਜਾਣਗੇ, ਅਤੇ ਤੁਹਾਨੂੰ ਇਹ ਜਾਂਚ ਕਰਨੀ ਚਾਹੀਦੀ ਹੈ ਕਿ ਤੁਸੀਂ ਹਮੇਸ਼ਾਂ ਨਵੀਨਤਮ ਸੇਧਾਂ ਦੀ ਵਰਤੋਂ ਕਰ ਰਹੇ ਹੋ।

## ASC ਦਾ ਜੋਖਮ ਘਟਾਉਣ ਵਾਲਾ ਫਰੇਮਵਰਕ

1.8 ASC ਦੇ ਜੋਖਮ ਘਟਾਉਣ ਵਾਲੇ ਫਰੇਮਵਰਕ ਨੂੰ ਮਾਲਕਾਂ ਰਾਹੀ ਕੀਤੀਆਂ ਬੇਨਤੀਆਂ ਅਤੇ ਇਹ ਚਿੰਤਾਵਾਂ ਕਿ ਉਹ ਕਾਮੇ ਜਿਹੜੇ ਸੰਭਾਵੀ ਤੌਰ ਤੇ ਕੋਵਿਡ-19 ਦੀ ਲਾਗ ਜਾਂ ਮਾੜੇ ਨਤੀਜਿਆਂ ਪ੍ਰਤੀ ਕਮਜ਼ੋਰ ਹਨ, ਸ਼ਾਇਦ ਉਨ੍ਹਾਂ ਨੂੰ ਲੋੜੀਂਦਾ ਸਮਰਥਨ ਨਾ ਮਿਲੇ ਕਰਕੇ ਵਿਕਸਤ ਕੀਤਾ ਗਿਆ ਹੈ। ਫਿਰ ਵੀ, ਅਸੀਂ ਜਾਣਦੇ ਹਾਂ ਕਿ ਕੁਝ ਮਾਲਕਾਂ ਨੇ ਪਹਿਲਾਂ ਤੋਂ ਹੀ ਮਜ਼ਬੂਤ ਵਿਧੀਆਂ ਸਥਾਪਤ ਕੀਤੀਆਂ ਹੋਈਆਂ ਹਨ।

1.9 ਮਾਲਕਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਹ ਜੋਖਮ ਮੁਲਾਂਕਣ ਅਤੇ ਪ੍ਰਬੰਧਨ ਲਈ ਕੰਮ ਵਾਲੀ ਥਾਂ ਦੀ ਵਿਧੀ ਅਪਣਾ ਰਹੇ ਹਨ। ASC ਦਾ ਜੋਖਮ ਘਟਾਉ ਫਰੇਮਵਰਕ ਖਾਸ ਤੌਰ ਤੇ ਇਨ੍ਹਾਂ ਗੱਲਾਂ ਤੇ ਕੇਂਦ੍ਰਤ ਹੈ ਕਿ ਮਾਲਕ ਆਪਣੇ ਕਾਮਿਆਂ ਦੀ ਸਹਾਇਤਾ ਉਨ੍ਹਾਂ ਕਾਰਕਾਂ ਨਾਲ ਕਿਵੇਂ ਕਰ ਸਕਦੇ ਹਨ ਜਿਨ੍ਹਾਂ ਨੂੰ ਕੋਵਿਡ-19 ਦੀ ਲਾਗ ਲੱਗਣ ਜਾਂ ਜਿਹੜੇ ਉਸ ਦੇ ਮਾੜੇ ਨਤੀਜਿਆਂ ਪ੍ਰਤੀ ਕਮਜ਼ੋਰ ਹਨ ਤਾਂ ਜੋ ਕਾਰਜ ਸਥਾਨ ਵਿੱਚ ਉਨ੍ਹਾਂ ਦੇ ਜੋਖਮਾਂ ਬਾਰੇ ਫੈਸਲੇ ਬਣਾਏ ਜਾ ਸਕਣ।

1.10 ਇਹ ਮਾਲਕਾਂ ਨੂੰ ਇਕ 'ਪੂਰਨ' ਨਤੀਜੇ ਤੇ ਨਹੀਂ ਲਿਆਉਂਦਾ, ਪਰ ਉਨ੍ਹਾਂ ਨੂੰ ਸਹਾਇਤਾ ਪ੍ਰਦਾਨ ਕਰਦਾ ਹੈ:

- ਇਕ ਪ੍ਰਕਿਰਿਆ ਦਾ ਪ੍ਰਬੰਧਨ ਜੋ ਉਨ੍ਹਾਂ ਕਾਮਿਆਂ ਦੀ ਪਛਾਣ ਕਰ ਸਕੇ ਜਿਹੜੇ ਲਾਗ ਲੱਗਣ ਪ੍ਰਤੀ ਕਮਜ਼ੋਰ ਹਨ ਜਾਂ ਜਿਨ੍ਹਾਂ ਨੂੰ ਨਤੀਜੇ ਵੱਜੋਂ ਸਿਹਤ ਦੀਆਂ ਮਹੱਤਵਪੂਰਨ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।
- ਕਾਮਿਆਂ ਨਾਲ ਸੰਵੇਦਨਸ਼ੀਲ, ਗੁਪਤ ਤੌਰ ਤੇ ਗੱਲਬਾਤ, ਚਿੰਤਾਵਾਂ ਪ੍ਰਵਾਨ ਕਰਨ, ਉਪਲਬਧ ਵਿਕਲਪਾਂ ਉਤੇ ਚਰਚਾ ਕਰਨ ਅਤੇ ਕਿਸੇ ਵੀ ਅਗਾਮੀ ਕਾਰਵਾਈਆਂ ਨਾਲ ਸਹਿਮਤੀ ਤੇ ਪਹੁੰਚਣਾ।
- ਉਨ੍ਹਾਂ ਤਰੀਕਿਆਂ ਦੀ ਪਛਾਣ ਅਤੇ ਤਾਮੀਲ ਕੀਤੀ ਜਾਵੇ ਜਿਨ੍ਹਾਂ ਨਾਲ ਇਨ੍ਹਾਂ ਕਾਮਿਆਂ ਦੀ ਭੂਮਿਕਾ ਅਤੇ ਮਾਹੌਲ ਦੇ ਪ੍ਰਸੰਗ ਵਿੱਚ ਜੋਖਮਾਂ ਨੂੰ ਘਟਾਇਆ ਜਾ ਸਕੇ।

1.11 ਇਸ ਦੇ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ:

- ਕੋਵਿਡ-19 ਇਨਫੈਕਸ਼ਨ ਰੋਕਥਾਮ ਅਤੇ ਨਿਯੰਤਰਣ ਬਾਰੇ ਪਬਲਿਕ ਹੈਲਥ ਇੰਗਲੈਂਡ ਦੇ ਨਿਰਦੇਸ਼ - ਜਿਨ੍ਹਾਂ ਦਾ ਹਮੇਸ਼ਾ ਪਾਲਣ ਕੀਤਾ ਜਾਣਾ ਚਾਹੀਦਾ ਹੈ।
- ਤੁਹਾਡੀਆਂ ਮੌਜੂਦਾ ਕਾਰਜਬਲ ਅਤੇ ਕਾਰਜ ਸਥਾਨ ਦਾ ਜੋਖਮ ਮੁਲਾਂਕਣ ਅਤੇ ਪ੍ਰਬੰਧਨ ਪ੍ਰਕਿਰਿਆਵਾਂ।
- ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਅਤੇ ਫਰਲੋ 'ਤੇ ਵਿਅਕਤੀਆਂ ਲਈ ਸਰਕਾਰ ਦੀ ਸਲਾਹ।
- ਹੋਰ ਢੁਕਵੀਂ ਰਾਸ਼ਟਰੀ ਜਾਂ ਸਥਾਨਕ ਸਰਕਾਰ ਦੀ ਸਲਾਹ, ਦੇਖਭਾਲ ਦੀਆਂ ਸੈਟਿੰਗਾਂ ਨਾਲ ਸੰਬੰਧਿਤ ਹੋਰ ਸੇਧ ਸਮੇਤ।

1.12 ਇਸ ਦਸਤਾਵੇਜ਼ ਵਿੱਚ ਅੱਗੇ ਉਹ ਸਰੋਤ ਹਨ ਜਿਹੜੇ ਬਾਲਗ ਸੋਸ਼ਲ ਕੇਅਰ ਕਾਰਜਬਲ ਦਾ ਸਮਰਥਨ ਕਰਦੇ ਹਨ। ਅਸੀਂ ਜਾਣਦੇ ਹਾਂ ਕਿ ਇਨ੍ਹਾਂ ਉਪਾਵਾਂ ਨੂੰ ਲਾਗੂ ਕਰਨ ਨਾਲ ਸੋਸ਼ਲ ਕੇਅਰ ਕਾਰਜਬਲ ਤੇ ਦਬਾਅ ਵਧ ਸਕਦਾ ਹੈ, ਅਤੇ ਉਹ ਸਰੋਤ ਜਿਹੜੇ ਕਾਮਿਆਂ ਦੇ ਜੋਖਮਾਂ ਨੂੰ ਹਲ ਕਰਨ ਵਿੱਚ ਮਾਲਕਾਂ ਦੀ ਮਦਦ ਕਰ ਸਕਦੇ ਹਨ, ਉਹ ਹੇਠ ਮੁਹੱਈਆ ਕੀਤੇ ਗਏ ਹਨ।

ਵਧੇਰੇ ਜਾਣਕਾਰੀ ਵਾਸਤੇ ਵੇਖੋ:

## ਲਾਗ ਦੀ ਰੋਕਥਾਮ ਅਤੇ ਨਿਯੰਤਰਣ

### ਨਿਰਦੇਸ਼

- PHE: ਕੋਵਿਡ-19: ਲਾਗ ਦੀ ਰੋਕਥਾਮ ਅਤੇ ਨਿਯੰਤਰਣ ਨਿਰਦੇਸ਼
- ਲਾਗ ਦੀ ਰੋਕਥਾਮ ਅਤੇ ਨਿਯੰਤਰਣ ਦੇ ਨਿਰਦੇਸ਼ (IPC) ਦੀਆਂ ਉਨ੍ਹਾਂ ਮਰੀਜ਼ ਵਾਸਤੇ ਸਾਵਧਾਨੀਆਂ ਜਿਹੜੇ ਹਸਪਤਾਲ ਵਿੱਚ ਹਨ, ਜਾਂ ਡਿਸਚਾਰਜ ਤੋਂ ਬਾਅਦ ਹੋਮ ਜਾਂ ਰਿਹਾਇਸ਼ੀ ਦੇਖਭਾਲ ਵਿੱਚ ਜਾ ਰਹੇ ਹਨ
- ਕੋਵਿਡ-19: ਸਿਹਤ ਅਤੇ ਸੋਸ਼ਲ ਕੇਅਰ ਦੀ ਸੈਟਿੰਗ ਵਿੱਚ ਸੰਪਰਕ ਵਿੱਚ ਆਉਣ ਵਾਲੇ ਸਟਾਫ ਅਤੇ ਮਰੀਜ਼ਾਂ ਦਾ ਪ੍ਰਬੰਧਨ
- DHSC: ਕੇਅਰ ਹੋਮ ਸਪੋਰਟ ਪੈਕੇਜ, ਅਤੇ ਸਟਾਫ ਦੀ ਹਰਕਤ ਨੂੰ ਸੀਮਿਤ ਕਰਨ ਸਮੇਤ ਅਡਲਟ ਸੋਸ਼ਲ ਕੇਅਰ ਇਨਫੈਕਸ਼ਨ ਕੰਟਰੋਲ ਫੰਡ ਬਾਰੇ ਜਾਣਕਾਰੀ
- SCIE: ਕੋਰੋਨਾਵਾਇਰਸ (ਕੋਵਿਡ-19) ਲਾਗ ਦੇ ਨਿਯੰਤਰਣ ਤੇ ਸੋਸ਼ਲ ਕੇਅਰ ਵਾਸਤੇ ਸਲਾਹ
- BEIS: ਕੋਰੋਨਵਾਇਰਸ ਦੌਰਾਨ ਸੁਰੱਖਿਅਤ ਢੰਗ ਨਾਲ ਕੰਮ ਕਰਨਾ
- ਕੇਅਰ ਹੋਮਾਂ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤਰਣ ਬਾਰੇ CQC ਦੀ ਸੇਧ

## ਈ-ਲਰਨਿੰਗ

- ਹੈਲਥਕੇਅਰ ਵਾਸਤੇ ਲਾਗ ਦੀ ਰੋਕਥਾਮ ਅਤੇ ਨਿਯੰਤਰਣ ਲਈ ਹੈਲਥ ਐਜੁਕੇਸ਼ਨ ਇੰਗਲੈਂਡ ਵੱਲੋਂ ਈ-ਲਰਨਿੰਗ
- ਅਤੇ/ਜਾਂ ਇਥੇ ਕੇਅਰ ਵੈਬਸਾਈਟ/ਐਪ ਤੇ ਦੋ ਵੈਬਿਨਾਰ ਜਿਹੜੇ ਖਾਸ ਤੌਰ ਤੇ ਕੇਅਰ ਹੋਮਜ਼ ਅਤੇ ਡੋਮਿਸੀਲਰੀ ਕੇਅਰ ਦੇ ਉਦੇਸ਼ ਵਾਸਤੇ ਹਨ

## ਉਨ੍ਹਾਂ ਕਾਮਿਆਂ ਵਾਸਤੇ ਟੈਸਟਿੰਗ ਜਿਹੜੇ ਦੇਖਭਾਲ ਅਤੇ ਸਹਾਇਤਾ ਪ੍ਰਾਪਤ ਕਰਦੇ ਹਨ

- ਕੋਰੋਨਾਵਾਇਰਸ ਟੈਸਟਿੰਗ ਬਾਰੇ ਨਿਰਦੇਸ਼, ਇਸ ਵਿੱਚ ਸ਼ਾਮਲ ਹੈ ਕਿ ਟੈਸਟ ਦੇ ਕੌਣ ਯੋਗ ਹੈ ਅਤੇ ਟੈਸਟ ਕਿਵੇਂ ਕੀਤਾ ਜਾਵੇ
- ਕੇਅਰ ਹੋਮਜ਼ ਵਿੱਚ ਕਾਮਿਆਂ ਅਤੇ ਨਿਵਾਸੀਆਂ ਲਈ ਟੈਸਟਿੰਗ ਤਕ ਦੀ ਪਹੁੰਚ; ਲੱਛਣਾਂ ਦੀ ਪਰਵਾਹ ਕੀਤੇ ਬਿਨਾ ਟੈਸਟਿੰਗ ਤਕ ਪਹੁੰਚ ਵਾਸਤੇ ਕੇਅਰ ਹੋਮ ਸਟਾਫ ਅਤੇ ਨਿਵਾਸੀਆਂ ਲਈ ਸਮਰਪਿਤ ਪੋਰਟਲ।

- ਮਾਲਕ ਲਈ ਟੈਸਟ ਐਂਡ ਟ੍ਰੇਸ ਬਾਰੇ ਨਿਰਦੇਸ਼ -https://www.gov.uk/guidance/nhs-test-and-trace-workplace-guidance
- ਟੈਸਟ ਅਤੇ ਟ੍ਰੇਸ: ਸੋਸ਼ਲ ਕੇਅਰ ਦੇ ਮਾਲਕਾਂ ਲਈ ਸਟਾਫ ਆਇਸੋਲੇਸ਼ਨ ਬਾਰੇ ਨਿਰਦੇਸ਼ (ਅੰਤਰਿਮ)

## PPE

### PPE ਦਾ ਇਸਤੇਮਾਲ

- PHE ਨਿਰਦੇਸ਼ - ਕੋਵਿਡ-19 ਨਿੱਜੀ ਸੁਰੱਖਿਆ ਲਈ ਉਪਕਰਣ (PPE)
- PHE ਨਿਰਦੇਸ਼ - ਕੋਵਿਡ-19: ਕੇਅਰ ਹੋਮਜ਼ ਵਿੱਚ ਸੁਰੱਖਿਅਤ ਢੰਗ ਨਾਲ ਕੰਮ ਕਿਵੇਂ ਕਰਨਾ ਹੈ, ਇਸ ਵਿੱਚ ਸੁਰੱਖਿਆ ਨਾਲ PHE ਪਾਉਣ ਅਤੇ ਉਤਾਰਣ ਬਾਰੇ ਨਿਰਦੇਸ਼ ਸ਼ਾਮਲ ਹਨ
- PHE: ਕੋਵਿਡ-19: ਇੰਗਲੈਂਡ ਵਿੱਚ ਡੋਮਿਸੀਲਰੀ ਕੇਅਰ ਅੰਦਰ ਸੁਰੱਖਿਆ ਨਾਲ ਕੰਮ ਕਿਵੇਂ ਕਰਨਾ ਹੈ; ਜਿਸ ਵਿੱਚ ਸੁਰੱਖਿਆ ਨਾਲ PPE ਪਾਉਣ ਅਤੇ ਉਤਾਰਣ ਉਤੇ ਨਿਰਦੇਸ਼ ਸ਼ਾਮਲ ਹਨ
- PPE ਕੋਵਿਡ-19: PPE ਪਾਉਣਾ ਅਤੇ ਉਤਾਰਣਾ - ਕੇਅਰ ਹੋਮਜ਼ ਵਾਸਤੇ ਗਾਈਡ (ਵੀਡੀਓ)

## PPE ਤਕ ਪਹੁੰਚ

- PPE ਤਕ ਦੀ ਪਹੁੰਚ ਬਾਰੇ ਜਾਣਕਾਰੀ ਇਥੋਂ ਪ੍ਰਾਪਤ ਕੀਤੀ ਜਾ ਸਕਦੀ ਹੈ: https://www.gov.uk/government/publications/coronavirus-covid-19-support-for-care-homes/coronavirus-covid-19-care-home-support-package

## ਸ਼ੀਲਡਿੰਗ

- PHE ਕੋਵਿਡ-19: ਡਾਕਟਰੀ ਆਧਾਰਾਂ ਤੇ ਪਰਿਭਾਸ਼ਿਤ ਬਹੁਤ ਕਮਜ਼ੋਰ ਲੋਕਾਂ ਵਾਸਤੇ ਸ਼ੀਲਡਿੰਗ ਅਤੇ ਸੁਰੱਖਿਆ ਬਾਰੇ ਨਿਰਦੇਸ਼

## ਕੇਅਰ ਹੋਮਾਂ ਵਿੱਚ ਲਾਗ ਦੀ ਰੋਕਥਾਮ ਅਤੇ ਨਿਯੰਤਰਣ ਬਾਰੇ CQC ਦੀ ਸੇਧ ਫਰਲੋ

- ਚੈਕ ਕਰੋ ਕਿ ਕੀ ਤੁਸੀਂ ਆਪਣੇ ਕਮਮਿਆਂ ਦੀ ਤਨਖਾਹ ਵਾਸਤੇ ਕੋਰੋਨਾਵਾਇਰਸ ਜੌਬ ਰਿਟੈਨਸ਼ਨ ਸਕੀਮ ਹੇਠ ਦਾਅਵਾ ਕਰ ਸਕਦੇ ਹੋ
- ਬਾਲਗ ਸੋਸ਼ਲ ਕੇਅਰ: ਸੈਕਟਰ ਕੋਰੋਨਾਵਾਇਰਸ ਜੌਬ ਰਿਟੈਨਸ਼ਨ ਸਕੀਮ ਦੇ ਨਿਰਦੇਸ਼ਾਂ ਦੀ ਵਿਆਖਿਆ ਕਿਵੇਂ ਕਰੇਗਾ ਇਸ ਬਾਰੇ ਸਾਡੀ ਉਮੀਦ

## HSE ਵੱਲੋਂ ਨਿਰਦੇਸ਼

- ਕਮਜ਼ੋਰ ਕਾਮਿਆਂ ਤੇ HSE ਦੇ ਨਿਰਦੇਸ਼; ਇਸ ਵਿੱਚ ਨਵੀਆਂ ਅਤੇ ਗਰਭਵਤੀ ਮਾਵਾਂ, ਅਪਾਹਜਤਾ ਅਤੇ ਉਮਰ ਤੇ ਨਿਰਦੇਸ਼ ਵੀ ਸ਼ਾਮਲ ਹਨ।
- HSE ਜਾਣਕਾਰੀ ਅਤੇ ਕੋਵਿਡ-19 ਉਤੇ ਸਲਾਹ
- HSE: ਕੋਵਿਡ-19 ਦੀ RIDDOR ਰਿਪੋਰਟਿੰਗ

# ਕੋਵਿਡ-19: ਬਾਲਗ ਸੋਸ਼ਲ ਕੇਅਰ ਵਿੱਚ ਜੋਖਮ ਘਟਾਉਣ ਵਾਲਾ ਫਰੇਮਵਰਕ: ਆਪਣੇ ਕਾਰਜਬਲ ਦੇ ਜੋਖਮ ਦਾ ਮੁਲਾਂਕਣ ਕਰਨਾ ਅਤੇ ਘਟਾਉਣਾ

## ਵਿਅਕਤੀਗਤ ਜੋਖਮ ਦਾ ਮੁਲਾਂਕਣ

ਕੁਝ ਵਿਅਕਤੀਆਂ ਨਾਲ ਅਜਿਹੇ ਕਾਰਕ ਜੁੜੇ ਹੁੰਦੇ ਹਨ ਜੋ ਗੰਭੀਰ ਬਿਮਾਰੀ ਕਰਕੇ ਜ਼ਿਆਦਾ ਕਮਜ਼ੋਰ ਹਨ ਜਾਂ ਕੋਵਿਡ-19 ਤੋਂ ਮਰ ਰਹੇ ਹਨ। ਮਾਲਕਾਂ ਨੂੰ ਆਪਣੇ ਉਹਨਾਂ ਸਾਰੇ ਕਰਮਚਾਰੀਆਂ ਨਾਲ ਵਿਅਕਤੀਗਤ ਤੌਰ 'ਤੇ ਗੱਲਬਾਤ ਕਰਨੀ ਚਾਹੀਦੀ ਹੈ ਜਿਨ੍ਹਾਂ ਨੇ ਵਧੇ ਹੋਏ ਜੋਖਮ 'ਤੇ ਹੋਣ ਵਜੋਂ ਪਛਾਣਿਆ ਗਿਆ ਹੈ। ਜਿਹੜੇ ਕਾਫ਼ੀ ਜ਼ਿਆਦਾ ਕਲੀਨਿਕਲ ਜੋਖਮ ਤੇ ਹਨ ਉਨ੍ਹਾਂ ਨੂੰ ਸਹਿਯੋਗ ਦਿੱਤਾ ਜਾਵੇ ਅਤੇ ਸ਼ੀਲਡਿੰਗ ਉਤੇ ਉਨ੍ਹਾਂ ਨੂੰ ਮੌਜੂਦਾ ਸਲਾਹ ਦੀ ਪਾਲਣਾ ਜਾਰੀ ਰੱਖਣੀ ਚਾਹੀਦੀ ਹੈ।

ਮਾਲਕ ਇਹ ਯਕੀਨੀ ਬਣਾਉਣ ਲਈ ਜ਼ਿਮੇਵਾਰ ਹਨ ਕਿ ਜੋਖਮ ਦੇ ਮੁਲਾਂਕਣ ਕੀਤੇ ਜਾਣ ਅਤੇ ਉਹਨਾਂ ਦੇ ਕਾਰਜ-ਸਥਾਨ 'ਤੇ ਜੋਖਮ ਘਟਾਉਣ ਵਾਸਤੇ ਕਦਮ ਚੁੱਕੇ ਜਾਣ।

ਜੋਖਮ ਵਾਰੇ ਵਿਅਕਤੀਗਤ ਗੱਲਬਾਤ ਵਿੱਚ ਉਹ ਸਾਰੇ ਕਾਮੇ ਸ਼ਾਮਲ ਹੋਣੇ ਚਾਹੀਦੇ ਹਨ ਜਿਹੜੇ ਦੋਵੇਂ ਸਿੱਧੇ ਅਤੇ ਅਸਿੱਧੇ ਦੇਖਭਾਲ ਅਤੇ ਸਹਾਇਤਾ ਭੂਮਿਕਾਵਾਂ ਵਿੱਚ ਸ਼ਾਮਲ ਹਨ, ਇਸ ਦੇ ਨਾਲ-ਨਾਲ ਸਥਾਈ ਕਰਮਚਾਰੀ, ਏਜੰਸੀ, ਲੋਕਮ ਅਤੇ ਬੈਂਕ ਸਟਾਫ ਅਤੇ ਅਵੇਤਨਕ ਵਲੰਟੀਅਰ ਵੀ ਸ਼ਾਮਲ ਹਨ। ਜੇਕਰ ਮਾਲਕ ਚਾਹੇ ਤਾਂ ਵਿਅਕਤੀਗਤ ਵਰਕਰਾਂ ਨਾਲ ਜੁੜੇ ਖਤਰਿਆਂ ਦੀ ਪਛਾਣ ਕਰਨ ਅਤੇ ਉਸ ਦੇ ਪ੍ਰਬੰਧਨ ਵਿਚ ਸ਼ਾਮਲ ਕਿਰਿਆਵਾਂ ਨੂੰ ਕਿਸੇ ਹੋਰ ਉਚਿਤ ਵਿਅਕਤੀ ਨੂੰ ਸੌਂਪ ਸਕਦਾ ਹੈ ਜਿਵੇਂ ਕਿ ਲਾਈਨ ਮੈਨੇਜਰ, ਸੁਪਰਵਾਈਜ਼ਰ, ਨਾਮਜ਼ਦ ਸੀਨੀਅਰ ਮੈਨੇਜਰ ਜਾਂ ਸਿਹਤ ਅਤੇ ਸੁਰੱਖਿਆ ਪ੍ਰਤੀਨਿਧ।

ਉਦਾਂ ਤਾਂ ਇਹ ਫਰੇਮਵਰਕ ਸੰਭਾਵੀ ਜੋਖਮ ਦੇ ਕਾਰਕ ਵਾਲੇ ਵਰਕਰਾਂ ਲਈ ਜੋਖਮ ਨੂੰ ਘਟਾਉਣ ਤੇ ਕੇਂਦ੍ਰਿਤ ਹੈ, ਪਰ ਨਾਲ-ਨਾਲ ਇਹ ਜਾਗਰੁਕਤਾ ਹੋਣੀ ਜ਼ਰੂਰੀ ਹੈ ਕਿ ਜਿਹੜੇ ਵਧੇ ਹੋਏ ਜੋਖਮ 'ਤੇ ਨਹੀਂ ਹਨ ਉਨ੍ਹਾਂ ਨੂੰ ਸਿਹਤ ਸੰਬੰਧੀ ਹੋਰ ਚਿੰਤਾਵਾਂ ਜਾਂ ਬੇਚੈਨੀਆਂ ਹੋ ਸਕਦੀਆਂ ਹਨ ਜਿਨ੍ਹਾਂ ਨੂੰ ਸੰਬੋਧਿਤ ਕਰਨਾ ਵੀ ਜ਼ਰੂਰੀ ਹੈ।

ਇਹ ਲਾਜ਼ਮੀ ਤੌਰ ਤੇ ਮੰਨਿਆ ਨਹੀਂ ਜਾਣਾ ਚਾਹੀਦਾ ਕਿ ਇਕ ਵਰਕਰ, ਕਮਜ਼ੋਰੀ ਦੀ ਪਛਾਣ ਉਪਰਾਂਤ ਵੀ, ਜੋ ਕੋਵਿਡ-19 ਦੇ ਮਰੀਜ਼ਾਂ ਦੀ ਸਭ ਤੋਂ ਵੱਧ ਕੇਂਦਰੀਕਰਨ ਵਾਲੇ ਖੇਤਰਾਂ ਵਿੱਚ ਕੰਮ ਕਰ ਰਿਹਾ ਹੈ, ਉਹ ਕਿਸੇ ਵਧਰੇ ਖਤਰੇ ਵਿੱਚ ਹੋਵੇਗਾ। ਇਹ ਨਿਰਭਰ ਕਰਦਾ ਹੈ ਕਿ ਕਿਸ ਹੱਦ ਤਕ ਜੋਖਮ ਨਾਲ ਸੰਪਰਕ ਨੂੰ ਕਾਬੂ ਵਿੱਚ ਰੱਖਿਆ ਜਾਂਦਾ ਹੈ।

ਜੇ ਕਿਸੇ ਵਰਕਰ ਦੀ ਪਛਾਣ ਵਧੇ ਹੋਏ ਜੋਖਮ ਵੱਜੋ ਕੀਤੀ ਜਾਂਦੀ ਹੈ, ਤਾਂ ਵਨ ਟੂ ਵਨ ਗੱਲਬਾਤ ਕੀਤੀ ਜਾਣੀ ਚਾਹੀਦੀ ਹੈ ਤਾਂ ਕਿ ਇਹ ਪਛਾਣ ਕੀਤੀ ਜਾ ਸਕੇ ਕਿ ਜੋਖਮ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ। ਇਸ ਦਾ ਪ੍ਰਬੰਧਨ ਸੰਵੇਦਨਸ਼ੀਲਤਾ ਨਾਲ ਕੀਤਾ ਜਾਣਾ ਚਾਹੀਦਾ ਹੈ, ਵਰਕਰ ਦੀ ਮਾਨਸਿਕ ਤੰਦਰੁਸਤੀ ਨੂੰ ਧਿਆਨ ਵਿੱਚ ਰੱਖਦੇ ਹੋਏ।

ਕੀ ਵਿਵਹਾਰਕ ਅਤੇ ਤਰਜੀਹੀ ਹੈ ਇਹ ਕਾਰਜ ਸਥਾਨ ਅਤੇ ਵਿਅਕਤੀਗਤ ਤੇ ਨਿਰਭਰ ਹੋਵੇਗਾ ਅਤੇ ਇਸ ਵਿੱਚ ਸ਼ਾਮਲ ਹੋ ਸਕਦੇ ਹਨ;

- ਕਿਸੇ ਹੋਰ ਥਾਂ ਤੇ ਤਾਇਨਾਤੀ ਜਿਥੇ ਜੋਖਮ ਘੱਟ ਹੋਣ, ਉਦਾਹਰਣ ਲਈ ਉਨ੍ਹਾਂ ਲੋਕਾਂ ਨੂੰ ਸਹਿਯੋਗ ਦੇਣਾ ਜਿਨ੍ਹਾਂ ਬਾਰੇ ਇਹ ਮੰਨਿਆ ਜਾਂਦਾ ਹੈ ਕਿ ਉਨ੍ਹਾਂ ਨੂੰ ਕੋਵਿਡ-19 ਨਹੀਂ ਹੈ, ਜਾਂ ਜਿਥੇ ਸੰਭਵ ਹੋਵੇ ਰਿਮੋਟਲੀ ਕੰਮ ਕਰਨ।
- ਕੰਮ ਦੇ ਪ੍ਰਬੰਧਾਂ ਵਿੱਚ ਸਮਾਯੋਜਨ - ਉਦਾਹਰਣ ਵਜੋਂ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਬਾਰੇ ਸਮੀਖਿਆ ਕਰਨੀ
- ਇਹ ਯਕੀਨੀ ਬਣਾਉਣਾ ਕਿ ਸਟਾਫ ਨੂੰ PHE ਅਤੇ DHSC ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਸਹਿਯੋਗ ਦਿੱਤਾ ਜਾਵੇ ਤਾਂ ਕਿ ਕਾਰਜ ਸਥਾਨ ਅਤੇ ਕਾਰਜਬਲ ਵਿੱਚ ਜੋਖਮ ਘਟਾਇਆ ਜਾ ਸਕੇ।
- ਵਧੇਰੇ ਸਲਾਹ ਅਤੇ ਸਹਾਇਤਾ, ਉਦਾਹਰਣ ਵਜੋਂ ਆਕੁਪੇਸ਼ਨਲ ਹੈਲਥ ਜਿਥੇ ਉਪਲਬਧ ਹੋਵੇ

**ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਹੇਠ ਦਿੱਤੇ ਬਕਸੇ ਵਿੱਚ ਨਸਲ ਅਤੇ ਲਿੰਗ ਬਾਰੇ ਤਾਜ਼ਾ ਸਬੂਤਾਂ ਵਿੱਚ ਪੇਸ਼ਾ, ਕਮਜ਼ੋਰੀ ਜਾਂ ਮੋਟਾਪੇ ਤੇ ਧਿਆਨ ਨਹੀਂ ਦਿੱਤਾ ਗਿਆ ਹੈ, ਜਿਹੜਾ ਕੋਵਿਡ-19 ਤੋਂ ਪ੍ਰਾਪਤ ਕਰਨ ਅਤੇ/ਜਾਂ ਉਸ ਤੋਂ ਮਰਨ ਦੇ ਜੋਖਮ ਨਾਲ ਸਬੰਧਤ ਹੋ ਸਕਦਾ ਹੈ। ਇਹ ਸਬੂਤ ਸਾਨੂੰ ਕੁਝ ਸਮੂਹਾਂ ਵਿੱਚ ਹੋਣ ਵਾਲੇ ਜੋਖਮਾਂ ਪ੍ਰਤੀ ਵਧੇਰੇ ਜਾਗਰੁਕ ਕਰਦਾ ਹੈ ਪਰ ਸਾਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਲਾਗ ਦੇ ਨਤੀਜੇ ਦੇ ਰੂਪ ਵਿੱਚ ਉਮਰ, ਲਿੰਗ ਜਾਂ ਨਸਲ ਤੋਂ ਇਲਾਵਾ ਹੋਰ ਕਾਰਕ ਵੀ ਮਹੱਤਵਪੂਰਨ ਹੋ ਸਕਦੇ ਹਨ।**

| **ਉਮਰ +** | **ਨਸਲ*** | **ਲਿੰਗ*** | **ਕੁਝ ਬੁਨਿਆਦੀ ਸਿਹਤ ਦੀਆਂ ਸਮੱਸਿਆਵਾਂ: +** | **ਗਰਭ ਅਵਸਥਾ^** |
|---|---|---|---|---|
| ਵੱਧਦੀ ਉਮਰ ਇਕ ਜਾਣਿਆ ਹੋਇਆ ਜੋਖਮ ਦਾ ਕਾਰਨ ਹੈ।<br><br>ਜਿਨ੍ਹਾਂ ਦੀ ਉਮਰ 70 ਜਾਂ ਜ਼ਿਆਦਾ ਹੈ ਉਨ੍ਹਾਂ ਨੂੰ ਵੱਧ ਖਤਰਾ ਹੈ।<br><br>ਇਸ ਨੂੰ ਬੁਨਿਆਦੀ ਸਿਹਤ ਦੀ ਹਾਲਤ ਜਾਂ ਹੋਰ ਖਤਰੇ ਦੇ ਕਾਰਕਾਂ ਨਾਲ ਵਿਚਾਰਿਆ ਜਾਣਾ ਚਾਹੀਦਾ ਹੈ। | ਤਾਜ਼ਾ ਸਬੂਤਾਂ ਤੋਂ ਇਹ ਪਤਾ ਲਗਦਾ ਹੈ ਕਿ BAME ਪਿਛੋਕੜ ਵਾਲੇ ਉਹ ਲੋਕ ਜਿਨ੍ਹਾਂ ਨੂੰ ਕੋਵਿਡ-19 ਹੋਣ ਦਾ ਪਤਾ ਲੱਗਾ ਸੀ ਉਨ੍ਹਾਂ ਨੂੰ ਚਿੱਟੀ ਨਸਲੀ ਸਮੂਹਾਂ ਨਾਲੋ ਮੌਤ ਦਾ ਦੋ ਗੁਣਾ ਜ਼ਿਆਦਾ ਖਤਰਾ ਸੀ, ਪਰ ਇਹ ਜਾਨਣਾ ਵੀ ਮਹੱਤਵਪੂਰਨ ਹੈ ਕਿ ਇਸ ਡੇਟੇ ਵਿੱਚ ਪੇਸ਼ਾ, ਕਮਜ਼ੋਰੀ ਜਾਂ ਮੋਟਾਪੇ ਤੇ ਧਿਆਨ ਨਹੀਂ ਦਿੱਤਾ ਗਿਆ ਹੈ, ਜਿਹੜਾ ਕੋਵਿਡ-19 ਤੋਂ ਪ੍ਰਾਪਤ ਕਰਨ ਅਤੇ/ਜਾਂ ਉਸ ਤੋਂ ਮਰਨ ਦੇ ਜੋਖਮ ਨਾਲ ਸਬੰਧਤ ਹੋ ਸਕਦਾ ਹੈ। | ਤਾਜ਼ਾ ਸਬੂਤ ਇਹ ਦਰਸਾਉਂਦੇ ਹਨ ਕਿ ਕੋਵਿਡ-19 ਨਾਲ ਨਿਦਾਨ ਕਾਰਜਸ਼ੀਲ ਉਮਰ ਦੇ ਮਰਦਾਂ ਨੂੰ ਔਰਤਾਂ ਨਾਲੋ ਦੋ ਗੁਣਾ ਜ਼ਿਆਦਾ ਮੌਤ ਦਾ ਖਤਰਾ ਹੈ, ਪਰ ਇਹ ਜਾਨਣਾ ਵੀ ਮਹੱਤਵਪੂਰਨ ਹੈ ਕਿ ਇਸ ਡੇਟੇ ਵਿੱਚ ਪੇਸ਼ਾ, ਕਮਜ਼ੋਰੀ ਜਾਂ ਮੋਟਾਪੇ ਤੇ ਧਿਆਨ ਨਹੀਂ ਦਿੱਤਾ ਗਿਆ ਹੈ, ਜਿਹੜਾ ਕੋਵਿਡ-19 ਤੋਂ ਪ੍ਰਾਪਤ ਕਰਨ ਅਤੇ/ਜਾਂ ਉਸ ਤੋਂ ਮਰਨ ਦੇ ਜੋਖਮ ਨਾਲ ਸਬੰਧਤ ਹੋ ਸਕਦਾ ਹੈ। | ਉੱਚ ਜੋਖਮ (ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ) ਅਤੇ ਦਰਮਿਆਨੇ ਜੋਖਮ (ਡਾਕਟਰੀ ਤੌਰ 'ਤੇ ਕਮਜ਼ੋਰ) ਸਮਝੇ ਜਾਂਦੇ ਲੋਕਾਂ ਦੀ ਪੂਰੀ ਸੂਚੀ ਲਈ NHS ਦਾ 'ਕੋਰੋਨਵਾਇਰਸ ਤੋਂ ਉੱਚ ਜੋਖਮ ਵਾਲੇ ਲੋਕ' ਦੇਖੋ। | ਸਾਰੀਆਂ ਗਰਭਵਤੀ ਔਰਤਾਂ ਲਈ ਉਨ੍ਹਾਂ ਦੇ ਕਾਰਜ ਸਥਾਨ ਦਾ ਜੋਖਮ ਮੁਲਾਂਕਣ ਕੀਤਾ ਜਾਣਾ ਜ਼ਰੂਰੀ ਹੈ।<br><br>ਜੋਖਮ ਦਾ ਮੁਲਾਂਕਣ ਕਰਦੇ ਸਮੇਂ, ਮਾਲਕਾਂ ਨੂੰ ਰੌਇਲ ਕਾਲਜ ਆਫ਼ ਓਬਸਟੈਟ੍ਰਿਕਸ ਅਤੇ ਗਾਇਨੀਕੋਲੋਜਿਸਟ (RCOG) ਦੁਆਰਾ ਨਿਰਧਾਰਤ ਕੀਤੀ COVID-19 ਅਤੇ ਗਰਭ-ਅਵਸਥਾ ਬਾਰੇ ਨਵੀਨਤਮ ਸੇਧ ਤੋਂ ਸਲਾਹ ਲੈਣੀ ਚਾਹੀਦੀ ਹੈ। |

**ਸਰੋਤ:**

*https://assets.publishing.service.gov.uk/government/uploads/system/uploads/attachment_data/file/889195/disparities_review.pdf

+ਉਨ੍ਹਾਂ ਲੋਕਾਂ ਦੀ ਪੂਰੀ ਸੂਚੀ ਜਿਹੜੇ ਕੋਵਿਡ-19 ਤੋਂ ਵਧੇਰੇ ਜੋਖਮ ਵਿੱਚ ਹਨ: https://www.nhs.uk/conditions/coronavirus-covid-19/people-at-higher-risk/whos-at-higher-risk-from-coronavirus/

^FOM, RCM, RCOG ਕੋਵਿਡ-19 ਵਾਇਰਸ ਦੀ ਲਾਗ ਅਤੇ ਗਰਭ-ਅਵਸਥਾ ਸੰਬੰਧੀ ਵਿਵਸਾਇਕ ਸਿਹਤ ਸਲਾਹ https://www.rcog.org.uk/en/guidelines-research-services/guidelines/coronavirus-pregnancy/covid-19-virus-infection-and-pregnancy/

# 2. ਵਿਅਕਤੀਗਤ ਜੋਖਮ ਪ੍ਰਬੰਧਨ ਪ੍ਰਕਿਰਿਆ

2.1 ਮਾਲਕਾਂ ਨੂੰ ਪੂਰੇ ਕਾਰਜ-ਸਥਾਨ ਲਈ ਜੋਖਮ ਪ੍ਰਬੰਧਨ ਕਰਨਾ ਚਾਹੀਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਾਰੇ ਵਰਕਰਾਂ 'ਤੇ ਅਨੁਕੂਲ ਸੁਰੱਖਿਆ ਲਾਗੂ ਹੁੰਦੀ ਹੈ। ASC ਦਾ ਜੋਖਮ ਘਟਾਉ ਫਰੇਮਵਰਕ ਅਜਿਹੇ ਕਾਰਕਾਂ ਵਾਲੇ ਕਾਮਿਆਂ ਦੀ ਸਹਾਇਤਾ ਕਰਨ 'ਤੇ ਕੇਂਦ੍ਰਿਤ ਹੈ ਜਿਨ੍ਹਾਂ ਨੂੰ ਕੋਵਿਡ-19 ਦੀ ਲਾਗ ਲੱਗਣ ਜਾਂ ਮਾੜੇ ਨਤੀਜਿਆਂ ਪ੍ਰਤੀ ਜ਼ਿਆਦਾ ਕਮਜ਼ੋਰ ਬਣਾ ਸਕਦੇ ਹਨ ਤਾਂ ਜੋ ਕਾਰਜ ਸਥਾਨ ਵਿੱਚ ਉਨ੍ਹਾਂ ਦੇ ਜੋਖਮਾਂ ਬਾਰੇ ਫੈਸਲੇ ਲਏ ਜਾ ਸਕਣ। ਹਾਲਾਂਕਿ, ਮਾਲਕਾਂ ਨੂੰ ਸਟਾਫ਼ ਦੇ ਉਹਨਾਂ ਮੈਂਬਰਾਂ ਨਾਲ ਗੱਲਬਾਤ ਦੀ ਪੇਸ਼ਕਸ਼ ਕਰਨੀ ਚਾਹੀਦੀ ਹੈ ਜਿਨ੍ਹਾਂ ਦੇ ਘਰ ਦੇ ਮੈਂਬਰ ਡਾਕਟਰੀ ਤੌਰ 'ਤੇ ਬਹੁਤ ਕਮਜ਼ੋਰ ਹਨ, ਜਾਂ ਜੋ ਉਂਝ ਜੋਖਮ ਬਾਰੇ ਹੋਰ ਚਿੰਤਤ ਹਨ।

2.2 ਜੋਖਮ ਪ੍ਰਬੰਧਨ ਦੀ ਪ੍ਰਕਿਰਿਆ ਦੋ ਪੜਾਂਵਾਂ ਵਿੱਚ ਹੋਣੀ ਚਾਹੀਦੀ ਹੈ; ਉਨ੍ਹਾਂ ਲੋਕਾਂ ਦੀ ਪਛਾਣ ਕਰਨਾ ਜਿਨ੍ਹਾਂ ਨੂੰ ਸੰਭਾਵੀ ਤੌਰ 'ਤੇ ਵਧਿਆ ਹੋਇਆ ਜੋਖਮ ਹੈ ਅਤੇ ਫਿਰ ਉਨ੍ਹਾਂ ਵਿਅਕਤੀਆਂ ਨਾਲ ਜੁੜੇ ਖਤਰਿਆਂ ਦਾ ਮੁਲਾਂਕਣ ਕਰਨਾ ਅਤੇ ਜੋਖਮ ਨੂੰ ਘਟਾਉਣ ਲਈ ਕਾਰਵਾਈਆਂ ਦੀ ਪਛਾਣ ਕਰਨਾ।

2.3 ਸ਼ੁਰੂਆਤੀ ਪਛਾਣ ਦੀ ਪ੍ਰਕਿਰਿਆ ਹਰੇਕ ਕਾਮੇ ਦੇ ਸੰਭਾਵੀ ਵਿਅਕਤੀਗਤ ਜੋਖਮ ਨੂੰ ਸਮਝਣ ਲਈ ਉਨ੍ਹਾਂ ਦੇ ਨਾਲ ਹੋਣੀ ਚਾਹੀਦੀ ਹੈ। ਤੁਹਾਨੂੰ ਆਪਣਾ ਇਹ ਸ਼ੁਰੂਆਤੀ ਪੜਾਅ ਆਪਣੇ ਕਾਰਜ ਸਥਾਨ ਅਤੇ ਕੰਮ ਦੇ ਵਾਤਾਵਰਣ ਦੇ ਅਨੁਕੂਲ ਸਭ ਤੋਂ ਉਚਿਤ ਤਰੀਕੇ ਨਾਲ ਪੂਰਾ ਕਰਨਾ ਚਾਹੀਦਾ ਹੈ, ਇਸ ਵਿੱਚ ਹੇਠ ਸ਼ਾਮਲ ਹੋ ਸਕਦੇ ਹਨ:

- ਹਰੇਕ ਕਾਮੇ ਨਾਲ ਇਹ ਪਤਾ ਕਰਨ ਲਈ ਗੱਲਬਾਤ ਕਰਨੀ ਕਿ ਕੀ ਉਨ੍ਹਾਂ ਵਿੱਚ ਜੋਖਮ ਦੇ ਕੋਈ ਸੰਭਾਵੀ ਕਾਰਕ ਹਨ ਅਤੇ ਕੀ ਜੋਖਮ ਪ੍ਰਬੰਧਨ ਬਾਰੇ ਹੋਰ ਗੱਲਬਾਤ ਕਰਨ ਦੀ ਲੋੜ ਹੈ।

- ਸਾਰੇ ਕਾਮਿਆਂ ਨੂੰ ਵਿਅਕਤੀਗਤ ਰੂਪ ਵਿੱਚ ਇਕ ਫਾਰਮ ਜਾਂ ਸਰਵੇਖਣ ਪੂਰਾ ਕਰਨ ਲਈ ਬੇਨਤੀ ਕਰਨਾ ਅਤੇ ਸਿਰਫ ਉਨ੍ਹਾਂ ਨਾਲ ਹੀ ਗੱਲਬਾਤ ਕਰਨੀ ਜਿਨ੍ਹਾਂ ਦੀ ਪਛਾਣ ਜੋਖਮ ਦੇ ਕਾਰਕ ਹੋਣ ਵੱਜੋ ਕੀਤੀ ਗਈ ਹੈ।

2.4 ਇਹ ਪੱਕਾ ਕਰਨਾ ਬਹੁਤ ਮਹੱਤਵਪੂਰਨ ਹੈ ਕਿ ਕਾਮੇ ਪਛਾਣ ਦੇ ਸ਼ੁਰੂਆਤੀ ਪੜਾਅ ਵਿੱਚ ਸ਼ਾਮਲ ਹੋਣ ਅਤੇ ਧਾਰਣਾਵਾਂ ਨਾ ਬਣਾਈਆਂ ਜਾਣ।

2.5 ਜਦੋਂ ਕਾਮਿਆਂ ਨੂੰ ਮੁਢਲੀ ਪਛਾਣ ਪੂਰੀ ਕਰਨ ਲਈ ਆਖਦੇ ਹੋ, ਇਹ ਜਾਣਕਾਰੀ ਮੁਹੱਈਆ ਕਰਨਾ ਜ਼ਰੂਰੀ ਹੈ ਕਿ ਉਨ੍ਹਾਂ ਤੋਂ ਇਹ ਸਭ ਕਿਉਂ ਪੁੱਛਿਆ ਜਾ ਰਿਹਾ ਹੈ, ਪੁੱਛੀ ਹੋਈ ਜਾਣਕਾਰੀ ਨਾਲ ਕੀ ਕੀਤਾ ਜਾਵੇਗਾ ਅਤੇ ਅਗਲੇ ਕਦਮ ਕੀ ਹਨ। ਕਾਮਿਆਂ ਨੂੰ ਭਰੋਸਾ ਦਿਵਾਉਣ ਅਤੇ ਸੰਪੂਰਨਤਾ ਦੀ ਇੱਛਾ ਵਧਾਉਣ ਲਈ ਸਾਫ ਅਤੇ ਪਾਰਦਰਸ਼ੀ ਹੋਣਾ ਜ਼ਰੂਰੀ ਹੈ। ਉਹ ਲੋਕ ਜਿਨ੍ਹਾਂ ਨੂੰ ਵਧਿਆ ਹੋਇਆ ਜੋਖਮ ਹੈ ਉਨ੍ਹਾਂ ਦੀ ਪਛਾਣ ਕਰਨ ਦੇ ਨਾਲ-ਨਾਲ, ਮੁਢਲੀ ਪਛਾਣ ਕਿਸੇ ਵੀ ਅਜਿਹੇ ਕਾਮੇ ਜਿਸ ਨੂੰ ਸਿਹਤ ਸੰਬੰਧੀ ਬੁਨਿਆਦੀ ਸਮੱਸਿਆਵਾਂ ਜਾਂ ਆਪਣੀ ਸਿਹਤ ਬਾਰੇ ਖਾਸ ਚਿੰਤਾਵਾਂ ਅਤੇ ਬੇਚੈਨੀਆਂ ਹਨ, ਉਨ੍ਹਾਂ ਬਾਰੇ ਚਰਚਾ ਕਰਨ ਦਾ ਇਕ ਅਵਸਰ ਪ੍ਰਦਾਨ ਕਰਦੀ ਹੈ।

2.6 ਸਿਹਤ ਬਾਰੇ ਨਿਜੀ ਜਾਣਕਾਰੀ ਪੁਛੱਣ ਸਮੇਂ ਧਿਆਨ ਰੱਖਣਾ ਪਵੇਗਾ ਅਤੇ ਇਹ ਸਿਰਫ ਉਦੋਂ ਹੀ ਪੁੱਛੀ ਜਾਣੀ ਚਾਹੀਦੀ ਹੈ ਜਦੋਂ ਕਾਮੇ ਦੀ ਸਹਾਇਤਾ ਵਾਸਤੇ ਇਸਦੀ ਲੋੜ ਪਵੇ। ਦਿੱਤੇ ਗਏ ਵਿਸਥਾਰਾਂ ਦਾ ਪੱਧਰ ਜ਼ਰੂਰੀ ਅਤੇ ਵਾਜਬ ਨਾਲੋਂ ਵੱਧ ਨਹੀਂ ਹੋਣਾ ਚਾਹੀਦਾ। ਇਸ ਜੋਖਮ ਪ੍ਰਬੰਧਨ ਪ੍ਰਕਿਰਿਆ ਦੇ ਪ੍ਰਸੰਗ ਵਿੱਚ, ਉਨ੍ਹਾਂ ਕਾਰਕਾਂ ਨਾਲ ਸੰਬੰਧਤ ਜਾਣਕਾਰੀ ਲਈ ਬੇਨਤੀ ਕਰਨਾ ਉਚਿਤ ਮੰਨਿਆ ਜਾਵੇਗਾ ਜੋ ਕਿਸੇ ਵਿਅਕਤੀ ਨੂੰ ਲਾਗ ਲੱਗਣ ਜਾਂ ਕੋਵਿਡ-19 ਦੇ ਮਾੜੇ ਨਤੀਜੇ ਆਉਣ ਪ੍ਰਤੀ ਹੋਰ ਕਮਜ਼ੋਰ ਬਣਾ ਸਕਦੀ ਹੈ। ਜਾਣਕਾਰੀ ਇਕੱਠਾ ਕਰਦੇ ਸਮੇਂ ਤੁਹਾਨੂੰ ਵਿਚਾਰਨ ਅਤੇ ਇਸ ਬਾਰੇ ਕਰਮਚਾਰੀਆਂ ਨੂੰ ਸਪੱਸ਼ਟਤਾ ਪ੍ਰਦਾਨ ਕਰਨ ਦੀ ਜ਼ਰੂਰਤ ਪਵੇਗੀ ਕਿ ਤੁਸੀਂ ਇਸ ਜਾਣਕਾਰੀ ਨੂੰ ਕਿਵੇਂ ਰਿਕਾਰਡ ਕਰੋਗੇ ਅਤੇ ਇਹ ਜਾਣਕਾਰੀ ਸਿਰਫ ਇਨ੍ਹਾਂ ਉਦੇਸ਼ਾਂ ਵਾਸਤੇ ਹੀ ਵਰਤੀ ਜਾਵੇਗੀ। ਤੁਹਾਨੂੰ ਜੈਨਰਲ ਡੇਟਾ ਪ੍ਰੋਟੈਕਸ਼ਨ ਰੈਗੂਲੇਸ਼ਨ (GDPR) ਅਤੇ ਡੇਟਾ ਇੱਕਠਾ ਕਰਨ ਦੀਆਂ ਆਪਣੀਆਂ ਨੀਤੀਆਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਜੋ ਤੁਹਾਡੀਆਂ ਆਮ ਪ੍ਰਕਿਰਿਆਵਾਂ ਤੋਂ ਇਲਾਵਾ ਹੈ।

2.7 ਫਿਰ ਤੁਹਾਨੂੰ ਖਤਰੇ ਦੀ ਪਛਾਣ ਅਤੇ ਉਸ ਦੇ ਪ੍ਰਬੰਧਨ ਦਾ ਉਹ ਨਮੂਨਾ ਤਿਆਰ ਕਰਨਾ ਚਾਹੀਦਾ ਹੈ ਜੋ ਤੁਹਾਡੇ ਕਾਰਜ ਸਥਾਨ ਲਈ ਉਚਿਤ ਹੋਵੇ। ਹੈਲਥ ਐਂਡ ਸੇਫਟੀ ਐਗਜ਼ੈਕਉਟਿਵ (HSE) ਰਾਹੀ ਪ੍ਰਕਾਸ਼ਿਤ ਕੀਤੀਆਂ ਹਿਦਾਇਤਾਂ ਸੰਸਥਾਵਾਂ ਦੀ ਇਹ ਪਛਾਣ ਕਰਨ ਵਿੱਚ ਸਹਾਇਤਾ ਕਰ ਸਕਦੀਆਂ ਹਨ ਕਿ ਕਿਸ ਨੂੰ ਨੁਕਸਾਨ ਹੋਣ ਦਾ ਵਧੀਕ ਖਤਰਾ ਹੈ ਅਤੇ ਇਸ ਨਿਰਦੇਸ਼ਨ ਦੀ ਨਜ਼ਦੀਕੀ ਨਾਲ ਪਾਲਣਾ ਕਿਵੇਂ ਕਰਨੀ ਹੈ। ਇਸ ਵਿੱਚ ਉਹ ਨਮੂਨੇ ਅਤੇ ਉਦਾਹਰਣਾਂ ਸ਼ਾਮਲ ਹਨ ਜੋ ਸੰਸਥਾਵਾਂ, ਕੁਝ ਕਮਜ਼ੋਰ ਸਮੂਹਾਂ ਬਾਰੇ ਖਾਸ ਸੇਧਾਂ ਦੇ ਨਾਲ, ਪਰਵਾਨ ਕਰ ਸਕਦੀਆਂ ਹਨ। ਜਿਥੇ ਵੀ ਉਚਿਤ ਹੋਵੇ ਕਮਜ਼ੋਰ ਕਾਮਿਆਂ ਬਾਰੇ HSE ਦੀਆਂ ਹਿਦਾਇਤਾਂ ਦੀ ਵਰਤੋਂ ਕਰੋ।

2.8 ਪਛਾਣ ਅਤੇ ਮੁਲਾਂਕਣ ਪ੍ਰਕਿਰਿਆ ਇਕ-ਵਾਰ ਦੀ ਪ੍ਰਕਿਰਿਆ ਨਹੀਂ ਹੋਣੀ ਚਾਹੀਦੀ ਅਤੇ ਮਾਲਕਾਂ ਨੂੰ ਨਿਯਮਤ ਤੌਰ ਤੇ ਜੋਖਮ ਦੇ ਕਾਰਕਾਂ ਜਾਂ ਵਿਅਕਤੀ ਦੇ ਜੋਖਮ ਵਿੱਚ ਕਿਸੇ ਵੀ ਤਬਦੀਲੀ ਬਾਰੇ ਕਿਸੇ ਨਵੇਂ ਸਬੂਤ ਨੂੰ ਧਿਆਨ ਵਿੱਚ ਰੱਖਣ ਲਈ ਜੋਖਮ ਮੁਲਾਂਕਣ ਅਤੇ ਪ੍ਰਬੰਧਨ ਦੀ ਸਮੀਖਿਆ ਕਰਨੀ ਚਾਹੀਦੀ ਹੈ।

## ਜੋਖਮ ਮੁਲਾਂਕਣ ਨੂੰ ਪੂਰਾ ਕਰਨ ਵਾਸਤੇ ਉਨ੍ਹਾਂ ਕਰਮਚਾਰੀਆਂ ਨਾਲ ਗੱਲਬਾਤ ਕਰਨੀ ਜਿਨ੍ਹਾਂ ਨੂੰ ਜ਼ਿਆਦਾ ਜੋਖਮ ਵਿੱਚ ਹੋਣ ਵਜੋਂ ਪਛਾਣਿਆ ਗਿਆ ਹੈ

2.9 ਹੋ ਸਕਦਾ ਹੈ ਕਿ ਕਾਮੇ ਪਹਿਲਾਂ ਤੋਂ ਹੀ ਇਸ ਸਬੂਤ ਵਜੋਂ ਉਭਰ ਰਹੇ ਖਤਰਿਆਂ ਬਾਰੇ ਚਿੰਤਤ ਹੋਣ ਅਤੇ ਤੁਹਾਨੂੰ ਇਨ੍ਹਾਂ ਚਿੰਤਾਵਾਂ ਨੂੰ ਹੱਲ ਕਰਨ ਵਾਸਤੇ ਤੇਜ਼ੀ ਅਤੇ ਸੰਵੇਦਨਸ਼ੀਲਤਾ ਨਾਲ ਕੰਮ ਕਰਨਾ ਪਵੇਗਾ। ਇਹਨਾਂ ਗੱਲਾਂਬਾਤਾਂ ਦਾ ਉਦੇਸ਼ ਮਾਲਕ ਅਤੇ ਕਰਮਚਾਰੀ ਦਰਮਿਆਨ ਇੱਕ ਸਹਿਯੋਗ ਬਣਾਉਣਾ ਹੋਣਾ ਚਾਹੀਦਾ ਹੈ, ਤਾਂ ਜੋ ਕਰਮਚਾਰੀ ਦੇ ਵਿਅਕਤੀਗਤ ਜੋਖਮ ਦੇ ਪ੍ਰਬੰਧਨ ਕਰਨ ਬਾਰੇ ਫੈਸਲੇ ਲੈਣ ਦੇ ਯੋਗ ਬਣਨ ਵਿੱਚ ਉਸਦੀ ਸਹਾਇਤਾ ਕੀਤੀ ਜਾ ਸਕੇ। ਇਸਦੇ ਲਈ, ਇਹ ਜ਼ਰੂਰੀ ਹੁੰਦਾ ਹੈ ਕਿ ਵਰਕਰ ਮਹਿਸੂਸ ਕਰੇ ਕਿ ਉਸਨੂੰ ਮਹੱਤਵ ਅਤੇ ਸਤਿਕਾਰ ਦਿੱਤਾ ਜਾਂਦਾ ਹੈ, ਅਤੇ ਉਸ ਕੋਲ ਸਾਂਝਾ ਕਰਨ ਅਤੇ ਖੁੱਲ੍ਹਣ ਦੇ ਯੋਗ ਬਣਨ ਲਈ ਸੁਰੱਖਿਅਤ ਮਨੋਵਿਗਿਆਨਕ ਸਥਾਨ ਹੋਵੇ।

2.10 ਕਾਮਿਆਂ ਲਈ ਤੁਹਾਡੇ ਨਾਲ ਖੁੱਲੀ ਤਰ੍ਹਾਂ ਗੱਲਬਾਤ ਕਰਨ ਵਿੱਚ ਸੰਭਾਵੀ ਰੁਕਾਵਟਾਂ ਆ ਸਕਦੀਆਂ ਹਨ ਜਿਨ੍ਹਾਂ ਪ੍ਰਤੀ ਤੁਹਾਨੂੰ ਸੰਵੇਦਨਸ਼ੀਲ ਹੋਣਾ ਪਵੇਗਾ। ਇਸ ਵਿੱਚ ਇਹ ਚਿੰਤਾ ਕਿ ਕੀ ਇਸ ਜਾਣਕਾਰੀ ਨੂੰ ਜ਼ਾਹਰ ਕਰਕੇ ਉਨ੍ਹਾਂ ਨੂੰ ਭਵਿੱਖ ਵਿੱਚ ਕਮਾਈ, ਕੰਮ ਦੀ ਸਥਿਤੀ ਜਾਂ ਰੁਜ਼ਗਾਰ ਦੀਆਂ ਸ਼ਰਤਾਂ ਵਿੱਚ ਨੁਕਸਾਨ ਪਹੁੰਚ ਸਕਦਾ ਹੈ ਸ਼ਾਮਲ ਹੋ ਸਕਦੀਆਂ ਹਨ। ਮਾਲਕਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ ਗੱਲਾਂਬਾਤਾਂ ਸਭਿਆਚਾਰਕ ਤੋਰ 'ਤੇ ਜਾਗਰੂਕ ਅਤੇ ਸੰਵੇਦਨਸ਼ੀਲ ਤਰੀਕੇ ਨਾਲ ਕੀਤੀਆਂ ਜਾਣ, ਤਾਂ ਜੋ ਕਾਮਿਆਂ ਨੂੰ ਆਪਣੀ ਚਿੰਤਾਵਾਂ ਬਾਰੇ ਖੁੱਲ੍ਹ ਕੇ ਗੱਲਬਾਤ ਕਰਨ ਅਤੇ ਉਸ ਨੂੰ ਹੱਲ ਕਰਨ ਦਾ ਭਰੋਸਾ ਮਿਲੇ। ਟ੍ਰੇਡ ਯੂਨੀਅਨ ਦੇ ਸਹਿਕਰਮੀ ਅਤੇ ਸਥਾਨਕ ਸਾਂਝੇਦਾਰੀਆਂ ਕਿਸੇ ਵੀ ਸੰਸਥਾ ਵਾਸਤੇ ਸਮਰਥਨ ਦਾ ਮਹੱਤਵਪੂਰਨ ਸਰੋਤ ਹੋ ਸਕਦੇ ਹਨ ਅਤੇ ਇਨ੍ਹਾਂ ਨੂੰ ਸਥਾਨਕ ਪਹੁੰਚ ਬਣਾਉਣ ਲਈ ਵਰਤਿਆ ਜਾਣਾ ਚਾਹੀਦਾ ਹੈ। ਹੋਰ ਨੈਟਵਰਕ ਜਿਵੇਂ ਕਿ ਕਾਲੇ, ਏਸ਼ੀਅਨ ਅਤੇ ਘੱਟ ਗਿਣਤੀ ਦੇ ਨਸਲੀ (BAME) ਜਾਂ ਅਪਾਹਜ ਕਰਮਚਾਰੀ ਵੀ ਸੰਸਥਾ ਦੇ ਸਮਰਥਨ ਦਾ ਮਹੱਤਵਪੂਰਨ ਖੇਤਰ ਹੋ ਸਕਦੇ ਹਨ।

2.11 ਵਿਅਕਤੀ ਨਾਲ ਗੱਲਬਾਤ ਵਿਸਥਾਰ ਅਤੇ ਸੰਵੇਦਨਸ਼ੀਲ ਹੋਣੀ ਚਾਹੀਦੀ ਹੈ। ਨਤੀਜਾ ਕਾਰਜਾਂ ਦੀ ਪਛਾਣ ਤੇ ਕੇਂਦ੍ਰਿਤ ਹੋਣਾ ਚਾਹੀਦਾ ਹੈ ਤਾਂ ਕਿ ਜੋਖਮ ਨੂੰ ਘਟਾਉਣ ਲਈ ਵੱਖੋ ਵੱਖਰੇ ਪ੍ਰਸੰਗ, ਜੋਖਮ ਦੇ ਕਾਰਕ ਅਤੇ ਵਿਅਕਤੀਗਤ ਕਰਮਚਾਰੀ ਦੇ ਵਿਚਾਰਾਂ ਉਤੇ ਚੰਗੀ ਤਰ੍ਹਾਂ ਨਾਲ ਗੌਰ ਕੀਤਾ ਜਾ ਸਕੇ।

2.12 ਤੁਹਾਨੂੰ ਇਹ ਯਕੀਨੀ ਬਣਾਉਣਾ ਪਵੇਗਾ ਕਿ ਉਹ ਸਭ ਉਚਿਤ ਕਦਮ ਚੁੱਕੇ ਗਏ ਹਨ ਜੋ ਕਾਮਿਆਂ ਨੂੰ ਆਪਣੀ ਚਿੰਤਾਵਾਂ ਬਾਰੇ ਖੁੱਲ੍ਹ ਕੇ ਗੱਲਬਾਤ ਕਰਨ ਅਤੇ ਉਸ ਨੂੰ ਹੱਲ ਕਰਨ ਦਾ ਭਰੋਸਾ ਦੇਣ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਯਕੀਨੀ ਬਣਾਉਣਾ ਕਿ ਗੱਲਬਾਤ ਇਕ ਗੁਪਤ ਮਾਹੌਲ ਵਿੱਚ ਹੈ।
- ਵਿਸਤ੍ਰਿਤ ਗੱਲਬਾਤ ਵਾਸਤੇ ਕਾਫੀ ਸਮਾਂ ਪ੍ਰਦਾਨ ਕਰਨਾ।

- ਗੱਲਬਾਤ ਦਾ ਉਦੇਸ਼ ਨਿਰਧਾਰਤ ਕਰਨਾ, ਉਨ੍ਹਾਂ ਨੂੰ ਭਰੋਸਾ ਦਿਵਾਉਣਾ ਅਤੇ ਜਾਣਕਾਰੀ ਜ਼ਾਹਰ ਕਰਨ ਦੇ ਕਾਰਨਾਂ ਬਾਰੇ ਸਲਾਹ ਦੇਣਾ। ਇਸ ਵਿੱਚ ਇਹ ਸ਼ਾਮਲ ਹੋਣਾ ਚਾਹੀਦਾ ਹੈ ਕਿ ਜਾਣਕਾਰੀ ਨਾਲ ਕੀ ਕੀਤਾ ਜਾਵੇਗਾ ਅਤੇ ਜੇਕਰ ਜ਼ਰੂਰੀ ਹੋਵੇ, ਇਸ ਨੂੰ ਕਿਥੇ ਸਟੋਰ ਕੀਤਾ ਜਾਵੇਗਾ।

- ਉਨ੍ਹਾਂ ਨੂੰ ਆਪਣੀਆਂ ਚਿੰਤਾਵਾਂ ਜ਼ਾਹਰ ਕਰਨ ਦਾ ਮੌਕਾ ਦੇਣਾ।

- ਗੱਲਬਾਤ ਨੂੰ ਦਸਤਾਵੇਜ਼ੀ ਬਣਾਉਣਾ, ਇਸ ਨੂੰ ਆਪਣੇ ਕਾਮਿਆਂ ਨਾਲ ਸਾਂਝਾ ਕਰਨਾ ਅਤੇ ਜਾਣਕਾਰੀ ਨੂੰ ਗੁਪਤ ਅਤੇ ਸੁਰੱਖਿਅਤ ਢੰਗ ਨਾਲ ਬਰਕਰਾਰ ਰੱਖਣਾ।

2.13 ਤੁਸੀਂ ਕਿਸ ਢੰਗ ਨਾਲ ਗੱਲਬਾਤ ਸ਼ੁਰੂ ਕਰਦੇ ਹੋ ਇਸ ਬਾਰੇ ਤੁਹਾਨੂੰ ਵਿਚਾਰ ਕਰਨਾ ਪਵੇਗਾ ਅਤੇ ਇਹ ਕੰਮ ਦੀ ਸੈਟਿੰਗ ਤੇ ਨਿਰਭਰ ਕਰੇਗਾ, ਪਰ ਇਸ ਵਿੱਚ ਸ਼ਾਮਲ ਹੋ ਸਕਦੇ ਹਨ:

- ਜਿਥੇ ਵੀ ਉਪਲਬਧ ਹੋਵੇ ਗੱਲਬਾਤ ਪੇਸ਼ੇਵਰ ਸਿਹਤ ਜਾਂ ਉਨ੍ਹਾਂ ਦੇ ਸਮਰਥਨ ਨਾਲ ਕੀਤੀ ਜਾਵੇ।

- ਤੀਜੀ ਧਿਰ ਦੇ ਵਿਅਕਤੀ ਸ਼ਾਮਲ ਕੀਤੇ ਜਾਣ ਜੇਕਰ ਕਾਮੇ ਨੂੰ ਵਧੇਰੇ ਸਹਾਇਤਾ ਦੀ ਲੋੜ ਹੈ। ਇਸ ਵਿੱਚ ਟ੍ਰੇਡ ਯੂਨੀਅਨ ਦੇ ਸਹਿਕਰਮੀ, ਸਟਾਫ ਨੈਟਵਰਕ ਜਾਂ ਹੋਰ ਉਚਿੱਤ ਵਿਅਕਤੀ ਸ਼ਾਮਲ ਹੋ ਸਕਦੇ ਹਨ।

- ਟ੍ਰੇਡ ਯੂਨੀਅਨ ਦੇ ਸਹਿਕਰਮੀ, ਸਥਾਨਕ ਸਾਂਝੇਦਾਰੀਆਂ, ਅਤੇ ਸਟਾਫ ਨੈਟਵਰਕ ਇਨ੍ਹਾਂ ਗੱਲਾਂਬਾਤਾਂ ਵਾਸਤੇ ਸਹਾਇਤਾ ਮੁਹੱਈਆ ਕਰ ਸਕਦੇ ਹਨ, ਜਾਂ ਉਨ੍ਹਾਂ BAME ਸਹਿਕਰਮੀਆਂ ਅਤੇ ਦੂਜਿਆਂ ਬਾਰੇ ਚਿੰਤਾਵਾਂ ਵੀ ਉਜਾਗਰ ਕਰ ਸਕਦਾ ਹੈ ਜਿਨ੍ਹਾਂ ਕੋਲ ਕੰਮ ਵਾਲੀ ਥਾਂ ਤੇ ਕੋਵਿਡ-19 ਦੇ ਜੋਖਮ ਦੇ ਕਾਰਕ ਹੋਣ।

2.14 ਕਾਮਿਆਂ ਨੂੰ ਚਿੰਤਾਵਾਂ ਜ਼ਾਹਰ ਕਰਨ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ, ਅਤੇ ਅਜਿਹਾ ਕਰਨ ਲਈ ਸੁਰੱਖਿਅਤ ਅਤੇ ਸਹਾਇਤਾ ਪ੍ਰਾਪਤ ਮਹਿਸੂਸ ਕਰਨਾ ਚਾਹੀਦਾ ਹੈ। ਇਸ ਦੀ ਸਹੂਲਤ ਵਿੱਚ ਹੇਠਾਂ ਦਿੱਤੇ ਕਦਮ ਸ਼ਾਮਲ ਹੋ ਸਕਦੇ ਹਨ:

- ਚਿੰਤਾਵਾਂ ਜ਼ਾਹਰ ਕਰਨ ਦੇ ਮੌਕੇ ਦੀ ਪੇਸ਼ਕਸ਼।

- ਕਾਮਿਆਂ ਨਾਲ ਨਵੀਨਤਮ ਖੋਜ/ਡੇਟਾ ਬਾਰੇ ਚੰਗਾ ਸੰਚਾਰ।

- ਚਿੰਤਾਵਾਂ ਨੂੰ ਜ਼ਾਹਰ ਕਰਨ ਵਾਸਤੇ, BAME ਜਾਂ ਹੋਰ ਕਮਜ਼ੋਰ ਸਮੂਹਾਂ ਦੇ ਕਾਮਿਆਂ ਲਈ ਉਪਲਬਧ ਚੈਨਲਾਂ ਦੀ ਸਮੀਖਿਆ।

- ਸਰੋਤਾਂ ਨੂੰ ਇਕ ਵਿਸ਼ੇਸ਼ ਸਮਾਨਤਾਵਾਂ ਫੋਕਸ ਜਾਂ ਸਮਗਰੀ ਰਾਹੀ ਸਾਈਨਪੋਸਟ ਕਰਨਾ।

- ਸੀਨੀਅਰ ਲੀਡਰਸ਼ਿਪ ਰਾਹੀ ਵਿਧੀ ਅਤੇ ਸੰਭਾਵੀ ਵਧੇ ਹੋਏ ਜੋਖਮ ਬਾਰੇ ਜਾਗਰੁਕਤਾ ਦਾ ਸਮਰਥਨ - ਤਾਂ ਜੋ ਇਹ ਕਾਮਿਆਂ ਨੂੰ ਗੱਲਾਂਬਾਤਾਂ ਕਰਨ ਵਿੱਚ ਉਤਸ਼ਾਹਤ ਕਰੇ।

- ਸੰਸਥਾ ਵਿੱਚ ਉਪਲਬਧ ਕਿਸੇ ਵੀ ਸਟਾਫ ਨੈਟਵਰਕ ਦੀ ਸਮੀਖਿਆ (ਉਦਾਹਰਣ ਲਈ BAME, ਅਪੰਗਤਾ ਜਾਂ ਸਿਹਤ ਸਥਿਤੀ ਸਮੂਹ) ਅਤੇ ਜੋ ਉਪਲਬਧ ਹੈ ਉਸ ਨੂੰ ਬਿਹਤਰ ਸਹਿਯੋਗ ਅਤੇ ਮਜ਼ਬੂਤ ਬਣਾਉਣ ਲਈ ਕੀ ਕੀਤਾ ਜਾ ਸਕਦਾ ਹੈ।

- ਕਾਰਜ-ਸਥਾਨ ਦੇ ਜੋਖਮ ਮੁਲਾਂਕਣ ਜਾਂ ਵਿਅਕਤੀਗਤ ਜੋਖਮ ਦਾ ਮੁਲਾਂਕਣ, ਅਤੇ ਖਤਰਿਆਂ ਨੂੰ ਘਟਾਉਣ ਦੇ ਪ੍ਰਬੰਧਨ ਸੰਬੰਧੀ ਯੂਨੀਅਨਾਂ ਨਾਲ ਰੁੱਝਣਾ।

- ਇਹ ਪੱਕਾ ਕਰਨਾ ਕਿ ਤੁਸੀਂ (ਅਤੇ ਕੋਈ ਵੀ ਸੀਨੀਅਰ ਲੀਡਰਸ਼ਿਪ) ਜੋਖਮ ਦਾ ਪ੍ਰਬੰਧਨ ਕਰਨ ਦੇ ਕਦਮਾਂ ਦਾ ਕਰਮਚਾਰੀਆਂ ਦੀ ਕਮਾਈ, ਕੰਮ ਦੀ ਸਥਿਤੀ ਜਾਂ ਵਿਕਾਸ ਦੇ ਮੌਕਿਆਂ, ਜਾਂ ਉਨ੍ਹਾਂ ਦੇ ਰੁਜ਼ਗਾਰ ਦੇ ਨਿਯਮਾਂ ਅਤੇ ਸ਼ਰਤਾਂ 'ਤੇ ਸੰਭਾਵੀ ਪ੍ਰਭਾਵ 'ਤੇ ਵਿਚਾਰ ਕਰੇ।

ਵਧੇਰੇ ਜਾਣਕਾਰੀ ਵਾਸਤੇ ਵੇਖੋ:

- DHSC ਨਿਰਦੇਸ਼ਨ: ਕੋਰੋਨਾਵਾਇਰਸ (ਕੋਵਿਡ-19) ਨਿਰਦੇਸ਼ਨ: ਬਾਲਗ ਸੋਸ਼ਲ ਕੇਅਰ ਕਾਰਜਬਲ ਦੀ ਸਿਹਤ ਅਤੇ ਤੰਦਰੁਸਤੀ
- ਕਮਜ਼ੋਰ ਕਾਮਿਆਂ ਬਾਰੇ HSE ਦਾ ਨਿਰਦੇਸ਼ਨ; ਇਸ ਵਿੱਚ ਨਵੀਆਂ ਅਤੇ ਗਰਭਵਤੀ ਮਾਵਾਂ, ਅਪਾਹਜਤਾ, ਅਤੇ ਉਮਰ ਬਾਰੇ ਸੇਧ ਵੀ ਸ਼ਾਮਲ ਹਨ
- ਸਮਾਨਤਾ ਅਤੇ ਵਿਭਿੰਨਤਾ ਤੇ SfC ਦਾ ਨਿਰਦੇਸ਼
- ਬਾਲਗਾਂ ਦੀ ਸਮਾਜਕ ਦੇਖਭਾਲ ਦੇ ਅੰਦਰ ਵਿਵਿਧ ਕਰਮਚਾਰੀਆਂ ਦੀ ਸਹਾਇਤਾ ਕਰਨ ਲਈ SfC ਸਰੋਤ
- ACAS: ਕੋਰੋਨਾਵਾਇਰਸ (ਕੋਵਿਡ-19): ਮਾਲਕਾਂ ਅਤੇ ਕਾਮਿਆਂ ਲਈ ਸਲਾਹ: ਕਮਜ਼ੋਰ ਵਿਅਕਤੀ ਅਤੇ ਉਹ ਜਿਨ੍ਹਾਂ ਨੂੰ ਜ਼ਿਆਦਾ ਜੋਖਮ ਹੈ

# ਉਹ ਕਦਮ ਜੋ ਤੁਸੀਂ ਚੁੱਕ ਸਕਦੇ ਹੋ ਜਦ ਕਿਸੇ ਅਜਿਹੇ ਕਾਰਜਬਲ ਦੇ ਮੈਂਬਰ ਦੀ ਪਛਾਣ ਹੁੰਦੀ ਹੈ ਜਿਸ ਨੂੰ ਜ਼ਿਆਦਾ ਜੋਖਮ ਹੈ

## ਪੂਰੇ ਕਾਰਜਬਲ ਲਈ ਉਪਾਅ

2.15 ਤੁਹਾਨੂੰ ਨਵੀਨਤਮ ਸੇਧਾਂ ਦੀ ਪਾਲਣਾ ਕਰਨਾ ਜਾਰੀ ਰੱਖਣਾ ਚਾਹੀਦਾ ਹੈ ਅਤੇ ਕਾਮਿਆਂ ਦੀ ਰੱਖਿਆ ਲਈ ਉਪਾਅ ਕਰਨੇ ਚਾਹੀਦੇ ਹਨ ਅਤੇ ਉਨ੍ਹਾਂ ਸਾਰੇ ਕਾਮਿਆਂ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਜਿਹੜੇ ਇਸ ਫਰੇਮਵਰਕ ਵਿੱਚ ਵਰਣਨ ਕੀਤੇ ਕਾਰਕਾਂ ਕਰਕੇ ਵਧੇਰੇ ਜੋਖਮ ਵਿੱਚ ਹਨ। ਇਸ ਵਿੱਚ ਸਹਾਇਕ ਅਤੇ ਗੈਰ-ਦੇਖਭਾਲ ਵਾਲੇ ਵਾਤਾਵਰਣਾਂ ਵਿਚਲੇ ਲੋਕ ਵੀ ਸ਼ਾਮਲ ਹਨ। ਕੋਵਿਡ-19 ਵੈੱਬਪੇਜ ਤੇ ਮਦਦਗਾਰ ਸਰੋਤ ਵੀ ਹਨ ਜਿਹੜੇ ਤੁਸੀਂ ਆਪਣੇ ਸਹਿਕਰਮੀਆਂ ਨਾਲ ਸਾਂਝੇ ਕਰ ਸਕਦੇ ਹੋ।

2.16 ਕਾਰਜ ਸਥਾਨ ਦੀ ਸੈਟਿੰਗ ਅਤੇ ਕਾਰਜਬਲ ਤੇ ਨਿਰਭਰ ਕਰਦਿਆਂ ਇਸ ਵਿੱਚ ਸ਼ਾਮਲ ਹੋ ਸਕਦੇ ਹਨ:

- ਕਾਰਜਬਲ ਨੂੰ ਸ਼ਾਮਲ ਕਰਨਾ ਅਤੇ ਉਨ੍ਹਾਂ ਨੂੰ ਫੈਸਲਾ ਬਣਾਉਣ, ਸਮਾਧਾਨ ਅਤੇ ਸਹਾਇਤਾ ਵਿੱਚ ਸੰਮਿਲਿਤ ਕਰਨਾ।
- ਕਾਮਿਆਂ ਨੂੰ ਚਿੰਤਾ ਜ਼ਾਹਰ ਕਰਨ ਦਾ ਮੌਕਾ ਪ੍ਰਦਾਨ ਕਰਨਾ।
- ਸੁਰੱਖਿਆ ਨਾਲ ਕੰਮ ਵਾਲੇ ਸੇਧ ਦਾ ਪਾਲਣ ਕਰਦੇ ਹੋਏ ਆਪਣੇ ਕਾਰਜ ਸਥਾਨ ਦੀ ਸਮੀਖਿਆ ਕਰੋ।
- ਲੋਕਾਂ ਨੂੰ ਹੱਥ ਧੋਣ ਅਤੇ ਸਫ਼ਾਈ ਸੰਬੰਧੀ ਨਿਰਦੇਸ਼ਾਂ ਦੀ ਪਾਲਣਾ ਕਰਨ ਲਈ ਉਤਸ਼ਾਹਤ ਕਰੋ

- ਥਕਾਵਟ ਦੇ ਪੱਧਰ ਤੇ ਕੰਮ ਦੇ ਪੈਟਰਨ ਦੇ ਪ੍ਰਭਾਵਾਂ ਤੇ ਵਿਚਾਰ ਕਰੋ (ਇਸ ਵਿੱਚ ਲੰਬੀਆਂ ਸ਼ਿਫ਼ਟਾਂ/ਰਾਤ ਦੀਆਂ ਸ਼ਿਫ਼ਟਾਂ, ਵਾਧੂ ਸ਼ਿਫ਼ਟਾਂ ਜਾਂ ਇਕ ਤੋਂ ਜ਼ਿਆਦਾ ਨੌਕਰੀਆਂ ਸ਼ਾਮਲ ਹਨ)।

- ਸ਼ਿਫ਼ਟ ਤੇ ਹੁੰਦੇ ਹੋਏ ਨਿਯਮਿਤ ਬਰੇਕਾਂ, ਭੋਜਨ ਅਤੇ ਪਾਣੀ ਮੁਹੱਈਆ ਕਰਾਉਣ ਵਿੱਚ ਸਹਾਇਤਾ ਪ੍ਰਦਾਨ ਕਰੋ।

- ਤੰਦਰੁਸਤੀ ਅਤੇ ਮੌਜੂਦਾ ਬੁਨਿਆਦੀ ਸਿਹਤ ਸਮੱਸਿਆਵਾਂ ਦਾ ਪ੍ਰਬੰਧਨ ਕਰਨ ਲਈ ਸਹਾਇਤਾ ਕਰਮਚਾਰੀ।

- ਟੈਸਟਿੰਗ ਬਾਰੇ DHSC ਅਤੇ PHE ਦੀ ਸਲਾਹ ਦਾ ਪਾਲਣ ਕਰਨਾ। ਇਨਫੈਕਸ਼ਨ ਕੰਟਰੋਲ ਫੰਡ ਦੀ ਵਰਤੋਂ ਉਨ੍ਹਾਂ ਸਟਾਫ ਮੈਂਬਰ ਦੀ ਆਮਦਨੀ ਬਰਕਰਾਰ ਰੱਖਣ ਲਈ ਕੀਤੀ ਜਾ ਸਕਦੀ ਹੈ ਜੋ ਕੋਵਿਡ-19 ਦੇ ਲੱਛਣਾਂ ਕਰਕੇ ਸੈਲਫ-ਆਈਸੋਲੇਸ਼ਨ ਵਿੱਚ ਹਨ ਜਾਂ ਉਨ੍ਹਾਂ ਦਾ ਟੈਸਟ ਪੌਜ਼ਿਟਿਵ ਆਇਆ ਹੈ।

- ਸਾਰੇ ਵਰਕਰਾਂ ਨੂੰ ਸਪੱਸ਼ਟ ਜਾਣਕਾਰੀ ਪ੍ਰਦਾਨ ਕਰੋ ਕਿ ਕੀ PPE ਦੀ ਜ਼ਰੂਰਤ ਹੈ ਜਾਂ ਨਹੀਂ, ਇਸ ਦੀ ਵਰਤੋਂ ਕਦੋਂ ਕੀਤੀ ਜਾਣੀ ਚਾਹੀਦੀ ਹੈ (ਮਿਸਾਲ ਵੱਜੋ, PHE ਨਿਰਦੇਸ਼ ਸ਼ਾਂਝੇ ਕਰਨੇ), ਅਤੇ ਇਹ ਯਕੀਨੀ ਬਣਾਉ ਕਿ ਮੌਜੂਦਾ ਨਿਰਦੇਸ਼ ਅਨੁਸਾਰ ਸਾਰੇ ਕਾਮਿਆਂ ਕੋਲ ਲੋੜੀਂਦੀ ਪਹੁੰਚ ਹੈ।

- ਉਪਲਬਧ ਸਿਹਤ ਅਤੇ ਤੰਦਰੁਸਤੀ ਸਹਿਯੋਗ ਅਤੇ ਕਾਮਿਆਂ ਦੀ ਸਹਾਇਤਾ ਦੀ ਸਮੀਖਿਆ ਅਤੇ ਇਸ ਨੂੰ ਉਨ੍ਹਾਂ ਕਰਮਚਾਰੀਆਂ, ਜਿਨ੍ਹਾਂ ਦੀ ਪਛਾਣ ਵਧੇਰੇ ਜੋਖਮ ਵਿੱਚ ਹੋਣ ਵੱਜੋ ਕੀਤੀ ਗਈ ਹੈ, ਦੀਆਂ ਜ਼ਰੂਰਤਾ ਨੂੰ ਪੂਰਾ ਕਰਨ ਲਈ ਅਨੁਕੂਲ ਬਣਾਉਣਾ।

- ਤੁਹਾਨੂੰ ਆਪਣੇ ਸਾਰੇ ਕਰਮਚਾਰੀਆਂ ਨਾਲ, ਸਪਸ਼ਟ ਤੌਰ 'ਤੇ, ਕੰਮ ਦੇ ਸਥਾਨ ਵਿੱਚ ਇਹਨਾਂ ਜੋਖਮਾਂ ਦੇ ਪ੍ਰਬੰਧਨ ਲਈ ਚੁੱਕੇ ਗਏ ਕਦਮਾਂ ਬਾਰੇ ਗੱਲਬਾਤ ਕਰਨੀ ਚਾਹੀਦੀ ਹੈ।

## ਵਿਅਕਤੀਗਤ ਉਪਾਅ

2.17 ਤੁਹਾਡੇ ਕਾਮਿਆਂ ਨੂੰ ਜੋਖਮ ਘਟਾਉਣ ਲਈ ਉਪਲਬਧ ਵਿਕਲਪ ਇਸ ਗੱਲ ਤੇ ਨਿਰਭਰ ਕਰਨਗੇ ਕਿ ਉਹ ਕਿਸ ਕਿਸਮ ਅਤੇ ਕਿਸ ਸੈਟਿੰਗ ਵਿੱਚ ਕੰਮ ਕਰਦੇ ਹਨ। ਕੀਤੀਆਂ ਜਾਣ ਵਾਲੀਆਂ ਕਿਸੇ ਵੀ ਕਾਰਵਾਈਆਂ ਬਾਰੇ ਫ਼ੈਸਲੇ ਕਰਮਚਾਰੀ ਨਾਲ ਮਿਲ ਕੇ ਕੀਤੇ ਜਾਣੇ ਚਾਹੀਦੇ ਹਨ। ਤੁਹਾਨੂੰ ਇਕੱਠੇ ਵਿਚਾਰ ਕਰਨਾ ਚਾਹੀਦਾ ਹੈ:

- ਕਿਸੇ ਅਜਿਹੀ ਸੈਟਿੰਗ ਜਾਂ ਭੂਮਿਕਾ ਵਿੱਚ ਤਬਾਦਲਾ ਕਰਨਾ ਜਿੱਥੇ ਜੋਖਮ ਘੱਟ ਹੋਣ - ਮਿਸਾਲ ਵੱਜੋ ਉਨ੍ਹਾਂ ਲੋਕਾਂ ਦਾ ਸਮਰਥਨ ਕਰਨ ਲਈ ਜਿਨ੍ਹਾਂ ਨੂੰ ਕੋਵਿਡ-19 ਦੇ ਸੰਕ੍ਰਮਿਤ ਨਹੀਂ ਸਮਝਿਆ ਜਾਂਦਾ ਹੈ।

  - ਭਾਵੇਂ ਕਿ ਰਿਮੋਟ ਤਰੀਕੇ ਨਾਲ ਕੰਮ ਕਰਨਾ ਸੰਭਵ ਹੈ, ਪਰ, ਅਸੀਂ ਜਾਣਦੇ ਹਾਂ ਕਿ ਜ਼ਿਆਦਾਤਰ ਕਰਮਚਾਰੀਆਂ ਲਈ ਇਹ ਅਵਿਹਾਰਕ ਹੋਣ ਦੀ ਸੰਭਾਵਨਾ ਹੈ, ਖ਼ਾਸ ਕਰਕੇ ਜੋ ਸਿੱਧੀ ਨਿੱਜੀ ਦੇਖਭਾਲ ਮੁਹੱਈਆ ਕਰਦੇ ਹਨ।

  - ਉਨ੍ਹਾਂ ਦੇ ਕੰਮ ਦੇ ਪ੍ਰਬੰਧਾਂ ਵਿੱਚ ਸਮਾਯੋਜਨ - ਮਿਸਾਲ ਵੱਜੋਂ ਉਨ੍ਹਾਂ ਨੂੰ ਕੰਮ ਲਈ ਜਨਤਕ ਟ੍ਰਾਂਸਪੋਰਟ ਦੀ ਵਰਤੋਂ ਕਰਨ ਦੀ ਜ਼ਰੂਰਤ ਨੂੰ ਘਟਾਉਣਾ ਜਾਂ ਹਟਾਉਣਾ।

  - ਮੰਗ ਕਰਨੀ ਕਿ ਜਿੱਥੇ ਸੰਭਵ ਹੋਵੇ ਘਰੇਲੂ ਮੁਲਾਕਾਤਾਂ ਲਈ ਸਿਰਫ ਸੇਵਾ ਦਾ ਉਪਭੋਗੀ ਹੀ ਹਾਜ਼ਰ ਹੋਵੇ।

  - ਵਧੇਰੇ ਸਲਾਹ ਅਤੇ ਸਹਾਇਤਾ, ਮਿਸਾਲ ਵੱਜੋ ਆਕੁਪੇਸ਼ਨਲ ਸਿਹਤ ਦੁਆਰਾ ਜੇਕਰ ਉਪਲਬਧ ਹੋਵੇ।

2.18 ਜੇਕਰ ਕਾਰਜ ਸਥਾਨ ਕਾਮੇ ਲਈ ਸੁਰੱਖਿਅਤ ਨਹੀਂ ਹੈ ਅਤੇ ਕਰਮਚਾਰੀ ਘਰੋਂ ਕੰਮ ਨਹੀਂ ਕਰ ਸਕਦਾ ਜਾਂ ਉਸ ਦਾ ਤਬਾਦਲਾ ਨਹੀਂ ਕੀਤਾ ਜਾ ਸਕਦਾ, ਤਦ ਮਾਲਕ ਤਨਖਾਹ ਦੀ ਅਦਾਇਗੀ ਜਾਂ ਬਿਨਾ ਆਦਇਗੀ ਤੋਂ ਛੱਟੀ ਬਾਰੇ ਵਿਚਾਰ

ਕਰ ਸਕਦਾ ਹੈ ਜਦ ਤਕ ਕਰਮਚਾਰੀ ਲਈ ਕੰਮ ਤੇ ਵਾਪਸ ਆਉਣਾ ਸੁਰੱਖਿਅਤ ਨਹੀਂ ਹੁੰਦਾ। ਜੇ ਮਾਲਕ ਅਤੇ ਕਰਮਚਾਰੀ ਇਨ੍ਹਾਂ ਵਿਚਾਰ-ਵਟਾਦਰਿਆਂ ਦੇ ਸਿੱਟਿਆਂ ਨਾਲ ਸਹਿਮਤ ਨਹੀਂ ਹੁੰਦੇ, ਤਾਂ ਸਥਾਨਕ ਫੈਸਲੇ ਦੀ ਪ੍ਰਕਿਰਿਆਵਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

2.19 ਮਾਲਕ ਨੂੰ ਆਪਣਾ ਫੈਸਲਾ ਕਰਦੇ ਹੋਏ ਅਤੇ ਕਾਰਜ ਸਥਾਨ ਵਿੱਚ ਖਤਰਿਆਂ ਦਾ ਮੁਲਾਂਕਣ ਕਰਦੇ ਸਮੇਂ ਕੇਸ ਦੇ ਅਧਾਰਿਤ ਵਿਅਕਤੀਗਤ ਸਥਿਤੀਆਂ ਤੇ ਵਿਚਾਰ ਕਰਨਾ ਚਾਹੀਦਾ ਹੈ। ਗੱਲਬਾਤ ਦਸਤਾਵੇਜ਼ੀ ਹੋਣੀ ਚਾਹੀਦੀ ਹੈ, ਅਤੇ ਇਕ ਕਾਪੀ ਕਾਮੇ ਨੂੰ ਦਿੱਤੀ ਜਾਣੀ ਚਾਹੀਦੀ ਹੈ। ਸੰਵੇਦਨਸ਼ੀਲ ਗੱਲਾਂਬਾਤਾਂ ਕਰਨ ਬਾਰੇ ਚੰਗੇ ਅਭਿਆਸ ਦੀਆਂ ਹੋਰ ਉਦਾਹਰਣਾਂ ਉਪਰ ਹਾਈਲਾਈਟ ਕੀਤੀਆਂ ਗਈ ਹਨ।

2.20 ਮਾਲਕ ਇਹ ਯਕੀਨੀ ਬਣਾਉਣ ਲਈ ਜ਼ਿਮੇਵਾਰ ਹਨ ਕਿ ਸੁਰੱਖਿਅਤ ਕੰਮ ਦੀ ਪ੍ਰਣਾਲੀ ਸਥਾਪਤ, ਲਾਗੂ ਕੀਤੀ ਗਈ ਹੈ ਅਤੇ ਸਾਰੇ ਸਟਾਫ ਨੂੰ ਸਪਸ਼ਟ ਤੌਰ ਤੇ ਪਤਾ ਹੈ। ਅਸੀਂ ਮਾਲਕਾਂ ਰਾਹੀ ਕਾਮਿਆਂ (ਇਸ ਵਿਚ ਕਰਮਚਾਰੀ, ਏਜੰਸੀ ਕਰਮਚਾਰੀ, ਠੇਕੇਦਾਰ, ਵਾਲੰਟੀਅਰ ਸ਼ਾਮਲ ਹਨ) ਅਤੇ ਉਹ ਜਿਹੜੇ ਸੇਵਾਵਾਂ ਦੀ ਵਰਤੋਂ ਕਰਦੇ ਹਨ ਬਾਬਤ ਜੋਖਮ ਪ੍ਰਬੰਧਨ ਬਾਰੇ ਗੁੰਝਲਦਾਰ ਫੈਸਲਿਆਂ ਨੂੰ ਪਛਾਣਦੇ ਹਾਂ। ਮਾਲਕਾਂ ਨੂੰ ਚਾਹੀਦਾ ਹੈ ਕਿ ਉਹ ਕੋਵਿਡ-19 ਤੇ ਜੋਖਮ ਦੇ ਪ੍ਰਬੰਧਨ ਬਾਰੇ ਸਰਕਾਰੀ ਸਲਾਹ ਦਾ ਪਾਲਣ ਕਰਨ। ਕਾਰਜਬਲ ਬਾਰੇ ਫੈਸਲਾ ਲੈਣ ਲਈ, ਮਾਲਕ ਨੂੰ ਉਨ੍ਹਾਂ ਦੀਆਂ ਕਾਨੂੰਨੀ ਅਤੇ ਸਿਹਤ ਅਤੇ ਸੁਰੱਖਿਆ ਨਾਲ ਜੁੜੀਆਂ ਜ਼ਿਮੇਵਾਰੀਆਂ ਤੇ ਵਿਚਾਰ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਟ੍ਰੇਡ ਯੂਨੀਅਨ ਨਾਲ ਸਲਾਹ ਮਸ਼ਵਰਾ ਕਰਨ ਅਤੇ ਜੇ ਲੋੜ ਪਵੇ ਤਾਂ ਕਾਨੂੰਨੀ ਸਲਾਹ ਲੈਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।

ਵਧੇਰੇ ਜਾਣਕਾਰੀ ਵਾਸਤੇ ਵੇਖੋ:

- DHSC ਨਿਰਦੇਸ਼ਨ: ਕੋਰੋਨਾਵਾਇਰਸ (ਕੋਵਿਡ-19) ਨਿਰਦੇਸ਼ਨ: ਬਾਲਗ ਸੋਸ਼ਲ ਕੇਅਰ ਕਾਰਜਬਲ ਦੀ ਸਿਹਤ ਅਤੇ ਤੰਦਰੁਸਤੀ
- ਸਮਾਨਤਾ ਅਤੇ ਵਿਭਿੰਨਤਾ ਤੇ SfC ਦਾ ਨਿਰਦੇਸ਼
- ACAS: ਕੋਰੋਨਾਵਾਇਰਸ (ਕੋਵਿਡ-19): ਮਾਲਕਾਂ ਅਤੇ ਕਾਮਿਆਂ ਲਈ ਸਲਾਹ
- UNISON: ਸੋਸ਼ਲ ਕੇਅਰ ਕਾਮਿਆਂ ਵਾਸਤੇ ਕੋਰੋਨਾਵਾਇਰਸ ਤੇ ਸਲਾਹ
- ਯੂਕੇ ਲਈ ਯੂਨਾਇਟ ਵੱਲੋ ਕੋਰੋਨਾਵਾਇਰਸ ਤੇ ਸਲਾਹ
- ਕੰਮ ਤੇ ਸਿਹਤ ਅਤੇ ਸੁਰੱਖਿਆ ਬਾਰੇ HSE ਮਾਰਗਦਰਸ਼ਨ
- https://www.skillsforcare.org.uk/Learning-development/ongoing-learning-and-development/health-and-safety/Health-and-safety.aspx

## ਕਮਿਆਂ ਦੀ ਸਿਹਤ ਅਤੇ ਤੰਦਰੁਸਤੀ ਦਾ ਸਮਰਥਨ ਕਰਨਾ

2.21 ਸਾਫ ਤੌਰ ਤੇ ਸੋਸ਼ਲ ਕੇਅਰ ਕਾਰਜਬਲ ਵਾਸਤੇ ਇਹ ਇਕ ਬਹੁਤ ਹੀ ਚੁਣੌਤੀਪੂਰਨ ਸਮਾਂ ਹੈ। ਕਾਮਿਆਂ ਦੀ ਸਿਹਤ ਅਤੇ ਤੰਦਰੁਸਤੀ ਲਈ ਬਹੁਤ ਸਾਰੇ ਸਰੋਤ ਉਪਲਬਧ ਹਨ। ਇਨ੍ਹਾਂ ਵਿੱਚ ਸ਼ਾਮਲ ਹਨ:

- CARE ਬ੍ਰਾਂਡਡ ਵੈੱਬਸਾਈਟ ਅਤੇ ਐਪ, CARE Workforce (ਕੇਅਰ ਵਰਕਫ਼ੋਰਸ), ਸਮੇਂ ਸਿਰ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਸਹਾਇਤਾ ਵਾਸਤੇ ਸੰਚਾਲਿਤ ਕਰਦੀ ਹੈ।

- DHSC ਨਿਰਦੇਸ਼ਨ: ਕੋਰੋਨਾਵਾਇਰਸ (ਕੋਵਿਡ-19) ਨਿਰਦੇਸ਼ਨ: ਬਾਲਗ ਸੋਸ਼ਲ ਕੇਅਰ ਕਾਰਜਬਲ ਦੀ ਸਿਹਤ ਅਤੇ ਤੰਦਰੁਸਤੀ

- ਉਨ੍ਹਾਂ ਸੋਸ਼ਲ ਕੇਅਰ ਕਾਮਿਆਂ ਲਈ ਸਰੋਤ ਜਿਨ੍ਹਾਂ ਨੂੰ ਚੀਜ਼ਾਂ ਮੁਸ਼ਕਲ ਲੱਗਣ ਤੇ ਕਿਸੇ ਨਾਲ ਗੱਲ ਕਰਨ ਦੀ ਜ਼ਰੂਰਤ ਪੈਂਦੀ ਹੈ:

  - ਸੋਸ਼ਲ ਕੇਅਰ ਕਰਮਚਾਰੀ ਗੱਲਬਾਤ ਸ਼ੁਰੂ ਕਰਨ ਵਾਸਤੇ 'FRONTLINE' ਲਿਖ ਕੇ 85258 ਤੇ ਮੈਸੇਜ ਭੇਜ ਸਕਦੇ ਹਨ। ਇਹ ਸੇਵਾ ਸ਼ਾਉਟ ਰਾਹੀ ਪੇਸ਼ ਕੀਤੀ ਜਾਂਦੀ ਹੈ ਅਤੇ ਸਾਰੇ ਪ੍ਰਮੁੱਖ ਮੋਬਾਈਲ ਨੈਟਵਰਕਾਂ ਤੇ ਮੁਫਤ ਹੈ ਅਤੇ ਇਹ ਉਨ੍ਹਾਂ ਵਾਸਤੇ ਇਕ ਸਿੱਧੀ ਸਹਾਇਤਾ ਹੈ ਜਿਹੜੇ ਸ਼ਾਇਦ ਮੁਕਾਬਲਾ ਕਰਨ ਵਿੱਚ ਸੰਘਰਸ਼ ਕਰ ਰਹੇ ਹੋਣ ਅਤੇ ਸਹਾਇਤਾ ਦੀ ਲੋੜ ਹੈ।

  - ਸਮੈਰੀਟਨਜ਼ ਨੇ ਆਪਣੀਆਂ ਗੁਪਤ ਭਾਵਨਾਤਮਕ ਕਾਮਿਆਂ ਦੀ ਸਹਾਇਤਾ ਲਾਈਨ ਨੂੰ ਸਾਰੇ ਉਨ੍ਹਾਂ ਸੋਸ਼ਲ ਕੇਅਰ ਕਰਮਚਾਰੀਆਂ ਤੱਕ ਵਧਾ ਦਿੱਤਾ ਹੈ ਜੋ ਸ਼ਾਇਦ ਵੱਧਵਾਂ ਤਣਾਅ, ਚਿੰਤਤ ਜਾਂ ਘਬਰਾਹਟ ਮਹਿਸੂਸ ਕਰਦੇ ਹੋਣ। ਇਹ ਸੇਵਾ ਕੇਅਰ ਵਰਕਰਾਂ ਨੂੰ ਇਕ ਸਿਖਿਅਤ ਵਲੰਟੀਅਰ ਨਾਲ ਗੱਲ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ ਜੋ ਗੁਪਤਤਾ ਨਾਲ ਸੁਣਨ ਵਿੱਚ ਮਦਦ ਅਤੇ ਵਧੇਰੇ ਸਹਾਇਤਾ ਵਾਸਤੇ ਸਾਈਨਪੋਸਟਿੰਗ ਕਰ ਸਕਦਾ/ਸਕਦੀ ਹੈ। ਇਸ ਸਹਾਇਤਾ ਤਕ ਪਹੁੰਚ ਵਾਸਤੇ, ਕਿਰਪਾ ਕਰਕੇ ਕਾਲ ਕਰੋ: 0300 131 7000

  - ਹੌਸਪਿਸ ਯੂਕੇ ਨੇ ਸੋਸ਼ਲ ਕੇਅਰ ਕਾਮਿਆਂ ਨੂੰ ਸਹਾਇਤਾ ਪ੍ਰਦਾਨ ਕਰਨ ਲਈ ਆਪਣੀ ਸੋਗ ਅਤੇ ਸਦਮੇ ਦੀ ਲਾਈਨ ਨੂੰ ਵਧਾ ਦਿੱਤਾ ਹੈ। ਇਹ ਸੇਵਾ ਕੇਅਰ ਵਰਕਰਾਂ ਲਈ ਪੇਸ਼ੇਵਰ ਨਾਲ ਗੱਲ ਕਰਨ ਲਈ ਇਕ ਸੁਰੱਖਿਅਤ ਜਗ੍ਹਾ ਦੀ ਪੇਸ਼ਕਸ਼ ਕਰਦੀ ਹੈ ਜੇਕਰ ਉਨ੍ਹਾਂ ਨੂੰ ਕੋਵਿਡ-19 ਮਹਾਂਮਾਰੀ ਦੇ ਨਤੀਜੇ ਵੱਜੋਂ ਸੋਗ, ਸਦਮੇ ਜਾਂ ਚਿੰਤਾ ਦਾ ਅਨੁਭਵ ਹੋਇਆ ਹੈ। ਇਸ ਸਹਾਇਤਾ ਤਕ ਪਹੁੰਚ ਵਾਸਤੇ, ਕਿਰਪਾ ਕਰਕੇ ਕਾਲ ਕਰੋ: 0300 3034434

# ਵਧੇਰੇ ਸੇਧ ਅਤੇ ਸਰੋਤ

ਬਾਲਗ ਸੋਸ਼ਲ ਕੇਅਰ ਲਈ ਹੋਰ ਜਾਣਕਾਰੀ ਲਈ ਨਿਰਦੇਸ਼

- ਨਵੀਨਤਮ ਨਿਰਦੇਸ਼ ਅਤੇ ਸਿੱਖਿਆ ਦੇ ਸਰੋਤਾਂ ਤਕ ਕੇਅਰ ਵਰਕਫੋਰਸ ਐਪ ਰਾਹੀ ਪਹੁੰਚਿਆ ਜਾ ਸਕਦਾ ਹੈ
- ਕੋਰੋਨਾਵਾਇਰਸ (ਕੋਵਿਡ-19): ਬਾਲਗ ਸੋਸ਼ਲ ਕੇਅਰ ਨਿਰਦੇਸ਼
- ਕੋਰੋਨਾਵਾਇਰਸ (ਕੋਵਿਡ-19): ਡਾਇਰੈਕਟ ਪੇਮੰਟ ਪ੍ਰਾਪਤ ਕਰਨ ਵਾਲੇ ਲੋਕਾਂ ਲਈ
- ਕੋਵਿਡ-19: ਬਾਲਗ ਸੋਸ਼ਲ ਕੇਅਰ ਲਈ ਨੈਤਿਕ ਫਰੇਮਵਰਕ
- ਦੇਖਭਾਲ ਲਈ ਹੁਨਰ: ਕੋਵਿਡ-19 ਸੋਸ਼ਲ ਵਰਕ ਲਈ ਅਪਡੇਟ
- SCIE: ਕੋਰੋਨਾਵਾਇਰਸ (ਕੋਵਿਡ-19): ਸੋਸ਼ਲ ਕੇਅਰ ਲਈ ਸਲਾਹ

ਮਾਲਕ ਅਤੇ ਕਾਮਿਆਂ ਲਈ ਜਾਣਕਾਰੀ ਅਤੇ ਨਿਰਦੇਸ਼ ਦੇ ਹੋਰ ਸਰੋਤ

- ACAS: ਕੋਰੋਨਾਵਾਇਰਸ (ਕੋਵਿਡ-19): ਮਾਲਕਾਂ ਅਤੇ ਕਾਮਿਆਂ ਲਈ ਸਲਾਹ
- UNISON: ਸੋਸ਼ਲ ਕੇਅਰ ਕਾਮਿਆਂ ਵਾਸਤੇ ਕੋਰੋਨਾਵਾਇਰਸ ਤੇ ਸਲਾਹ
- ਸਮਾਨਤਾ ਅਤੇ ਵਿਭਿੰਨਤਾ ਤੇ SfC ਦਾ ਨਿਰਦੇਸ਼
- ਯੁਕੇ ਲਈ ਯੂਨਾਇਟ ਵੱਲੋ ਕੋਰੋਨਾਵਾਇਰਸ ਤੇ ਸਲਾਹ
- RCN: ਕੋਵਿਡ-19 (ਕੋਰੋਨਾਵਾਇਰਸ) ਅਕਸਰ ਪੁੱਛੇ ਜਾਂਦੇ ਸਵਾਲ (FAQs)

ਹੋਰ ਖਤਰਿਆਂ ਦੇ ਫਰੇਮਵਰਕ ਦੇ ਉਦਾਹਰਣ

- ਰੌਇਲ ਕਾਲਜ ਆਫ ਸਾਈਕਾਇਟ੍ਰਿਸਟ - ਕੋਵਿਡ-19: ਮਾਨਸਿਕ ਸਿਹਤ ਦੀ ਦੇਖਭਾਲ ਦੀਆਂ ਸੈਟਿੰਗਾਂ ਵਿੱਚ BAME ਸਟਾਫ਼ ਲਈ ਜੋਖਮ ਘਟਾਉਣ ਬਾਰੇ ਨਿਰਦੇਸ਼
- NHS ਮਾਲਕਾਂ ਕੋਲ ਤੰਦਰੁਸਤੀ ਬਾਰੇ ਗੱਲਬਾਤ ਅਤੇ ਜੋਖਮ ਬਾਰੇ ਵਿਅਕਤੀਗਤ ਗੱਲਾਂਬਾਤਾਂ ਦਾ ਸਮਰਥਨ ਕਰਨ ਲਈ ਬਹੁਤ ਸਾਰੇ ਸਰੋਤ ਹਨ।

PHE ਰਾਹੀ ਕੀਤੀ ਸਮੀਖਿਆ ਕਿ ਕਿਵੇਂ ਵੱਖ-ਵੱਖ ਕਾਰਕ ਨੇ ਕੋਵਿਡ-19 ਦੇ ਖਤਰਿਆਂ ਅਤੇ ਨਤੀਜਿਆਂ ਨੂੰ ਪ੍ਰਭਾਵਤ ਕੀਤਾ ਹੈ।

- PHE: ਕੋਵਿਡ-19: ਖਤਰਿਆਂ ਅਤੇ ਨਤੀਜਿਆਂ ਵਿੱਚ ਅਸਮਾਨਤਾਵਾਂ ਦੀ ਸਮੀਖਿਆ

© ਕ੍ਰਾਉਨ ਕਾਪੀਰਾਈਟ 2020

GOV.UK ਲਈ ਸਿਰਫ pdf ਫਾਰਮੈਟ ਵਿੱਚ ਪ੍ਰਕਾਸ਼ਤ ਕੀਤਾ ਗਿਆ।

ਸੋਸ਼ਲ ਕੇਅਰ ਗਰੁੱਪ, ਸੋਸ਼ਲ ਕੇਅਰ ਰਣਨੀਤੀ & ਵਰਕਫੋਰਸ ਡਾਇਰੈਕਟੋਰੇਟ, ਵਰਕਫੋਰਸ ਟੀਮ

www.gov.uk/dhsc

ਇਹ ਪ੍ਰਕਾਸ਼ਨ ਓਪਨ ਗੌਰਮਿੰਟ ਲਾਇਸੰਸ v3।0 ਦੀਆਂ ਸ਼ਰਤਾਂ ਦੇ ਅਧੀਨ ਲਾਇਸੰਸਸ਼ੁਦਾ ਹੈ, ਸਿਵਾਏ ਜਿਥੇ ਹੋਰ ਕੁਝ ਦੱਸਿਆ ਗਿਆ ਹੋਵੇ। ਇਸ ਲਾਇਸੰਸ ਨੂੰ ਵੇਖਣ ਲਈ, ਇਥੇ ਜਾਓ nationalarchives.gov.uk/doc/open-government-licence/version/3

ਜਿਥੇ ਅਸੀਂ ਕਿਸੇ ਤੀਜੀ ਧਿਰ ਦੀ ਕਾਪੀਰਾਈਟ ਜਾਣਕਾਰੀ ਦੀ ਪਛਾਣ ਕੀਤੀ ਹੈ ਤੁਹਾਨੂੰ ਸੰਬੰਧਤ ਕਾਪੀਰਾਈਟ ਧਾਰਕਾਂ ਤੋਂ ਇਜਾਜ਼ਤ ਲੈਣ ਦੀ ਜ਼ਰੂਰਤ ਹੋਵੇਗੀ।

OGL